-ਗੁਰ ਕੀ ਦੇਗ ਅੰਸ ਤਵ ਘਰ ਤੇ
ਲਜਾਵਤਿ ਚਿਰਾ ਚਿਰੀ ਜੇ ਦੋਇ।
ਸਤਿਸੰਗਿਤ ਅਚਵਨ ਤੇ ਜਾਨਹੁ
ਤੋਹਿ ਸੰਪਦਾ ਪ੍ਰਾਪਤਿ ਸੋਇ।

[1]ਭਾਵ ਹੁਣ ਉਹ ਨਾਸ਼ ਹੋ ਗਈ ਹੈ।

ਛਪਰੀ ਤੋਰਿ ਗਏ ਸੇ ਅਨਤੈ[1]
ਨਹਿਂ ਅਬਿ ਕੁਨਕਾ[1] ਆਵਨ ਹੋਇ ॥ ੧੨ ॥

[1]ਛੱਪਰੀ ਤੋੜਨ ਨਾਲ ਹੋਰ ਥਾਂ ਉਹ ਚਲੇ ਗਏ।
[1]ਅੰਨ ਦਾ) ਕਿਣਕਾ।

ਜਿਸ ਕੇ ਚਾਹ ਸੰਪਦਾ ਹੋਵਹਿ[1]

[1]ਜਿਸ ਨੂੰ ਚਾਹ ਹੋਵੇ (ਕਿ ਮੇਰੇ ਘਰ) ਦੌਲਤ (ਬਹੁਤੀ) ਹੋਵੇ ਉਹ.....।

ਸਤਿ ਸੰਗਤਿ ਭੋਜਨ ਅਚਵਾਇ।
ਜਥਾ ਸ਼ਕਤਿ ਥੋਰੇ ਮਹਿਂ ਥੋਰੋ,
ਦੇ ਕਰਿ ਸੇਵਹਿ ਪ੍ਰੇਮ ਉਪਾਇ।
ਤਿਸ ਕੇ ਜਾਇਂ ਸਹਾਇ ਕਰੋਂ ਮੈਂ
ਦਾਰਿਦ ਦੁਖਦਾ[1] ਸਭਿ ਬਿਨਸਾਇ।

[1]ਦੁਖਦਾਈ ਦਰਿੱਦ੍ਰ।

ਸੋ ਤੂੰ ਕਰਿ ਅਬਿ, ਅੰਨ ਔਰ ਧਨ
ਹੋਇ ਅਧਿਕ, ਸੁਖ ਕੋ ਲਿਹੁ ਪਾਇ- ॥ ੧੩ ॥
ਯਾਂ ਤੇ ਕਿਰਤ ਧਰਮ ਕੀ ਕਰਿ ਕੈ
ਨਿਜ ਅਹਾਰ ਤੇ ਅੰਸ ਚੁਥਾਇ।
ਜੋ ਹੁਇ ਰੰਕ ਸੁ ਅਰਪੈ ਗੁਰ ਹਿਤ,
ਦਿਨ ਪ੍ਰਤਿ ਸੰਪਦ ਗ੍ਰਿਹ ਬਿਰਧਾਇ।
ਹੈ ਸਰੂਪ ਮੇਰੋ ਸਤਿ ਸੰਗਤਿ
ਸੋ ਅਚਵਹਿ ਮੁਝ ਕੋ ਪਹੁੰਚਾਇ[†]।

[†]ਇਥੋਂ ਜਾਪਦਾ ਹੈ ਕਿ ਇਕ ਆਤਮ ਨਿਯਮ ਇਕ ਦ੍ਰਿਸ਼ਟਾਂਤ (Parable) ਵਿਚ ਨਿਰੂਪਣ ਹੋ ਰਿਹਾ ਹੈ ਕਿ ਸਤਿਸੰਗ ਮੇਰਾ ਰੂਪ ਹੈ, ਸਤਿਸੰਗ ਤੋਂ ਮੁਰਾਦ ਨਾਮ ਦੇ ਪ੍ਰੇਮੀ ਗੁਰ ਸਿੱਖ ਯਾ ਗੁਰ ਸਿੱਖਾਂ ਦਾ ਸਮੂਹ ਹੈ। ਉਨ੍ਹਾਂ ਨੂੰ ਪ੍ਰੇਮ ਨਾਲ ਖੁਲਾਉਣ ਨਾਲ ਬਰਕਤ ਪੈਂਦੀ ਹੈ। ਬਹੁਤੇ ਥੋੜੇ ਦਾ ਖਿਆਲ ਨਹੀਂ। ਪ੍ਰੇਮ ਨਾਲ ਦੇਵੇ ਤੇ ਯਥਾ ਸ਼ਕਤਿ ਦੇਵੇ, ਤੇ ਦੇਵੇ ਨਾਮ ਰਸੀਆਂ ਤੇ ਬਾਣੀ ਪ੍ਰੇਮੀਆਂ ਗੁਰਸਿੱਖਾਂ ਨੂੰ।

ਹਲਤਿ ਪਲਤਿ ਸੁਧਰਹਿ ਤਿਸ ਸਿਖ ਕੇ
ਕਰਿ ਭੋਜਨ ਕੋ ਸਿਖ ਅਚਵਾਇ' ॥ ੧੪ ॥
ਸਭਾ ਬਿਖੈ ਗੁਰ ਸਭਿਨਿ ਸੁਨਾਈ
'ਕਰਹੁ ਸਦਾ ਇਸ ਬਿਧਿ ਕੀ ਕਾਰ।
ਜੋ ਮੁਝ ਅਰਪਹਿ ਸ਼ਰਧਾ ਉਰ ਧਰਿ,
ਹੋਇ ਸਹੰਸ ਗੁਨਾ ਬਿਸਥਾਰ।
ਥੋਰੋ ਬਹੁਤ ਬਿਚਾਰ ਨ ਕਾਈ
ਜਥਾ ਸ਼ਕਤਿ ਅਰੁ ਪ੍ਰੇਮ ਮਝਾਰ*।
ਇਸ ਮਹਿਂ ਭਲੋ ਆਪਨੋ ਜਾਨੈ
ਤਿਹ ਪ੍ਰਾਪਤਿ ਜਿਹ ਭਾਗ ਉਦਾਰ'

॥੧੫॥
ਸੁਨਿ ਕੈ ਸਭਾ ਧਰੀ ਉਰ ਸ਼ਰਧਾ
'ਧੰਨ ਧੰਨ ਸਤਿਗੁਰ ਹਰਿਰਾਇ।'
ਜੇ ਕਰਿ ਅਰਪਹਿ ਅਲਪ ਭਾਉ ਜੁਤਿ
ਤਿਸ ਕੋ ਦੇਤਿ ਸਮ੍ਰਿੱਧ[1] ਬਨਾਇ।

[1]ਬਹੁਤ ਧਨਵਾਨ, ਐਸ਼੍ਵਰਜ ਵਾਲਾ, ਸਾਮਾਨਾਂ ਦੌਲਤਾਂ ਵਾਲਾ, ਰਾਜੀ ਤੇ ਰੱਜਕੇ ਖਾਣ ਵਾਲਾ।

ਜਥਾ ਸ਼ਕਤਿ ਤਬਿ ਗੁਰ ਕੇ ਲੰਗਰ
ਲਜਾਵਤਿ ਹੈਂ ਬਹੁ ਚਿਤ ਕਰਿ ਚਾਇ।
ਥੋਰੇ ਦੇਨਿ, ਲੇਨਿ ਅਤਿ ਬਹੁਤੋ
ਅਸ ਬਿਵਹਾਰ ਤਜਜੋ ਕਿਮ ਜਾਇ[†]
॥੧੬॥

[†]ਦੋ ਲਿਖਤੀ ਤੇ ਇਕ ਛਾਪੇ ਦੇ ਨੁਸਖੇ ਵਿਚ ਹੇਠ ਲਿਖੀ ਤੂਕ ਇਸ ਛੰਦ ਵਿਚ ਵਾਧੂ ਹੈ:-ਹਲਤਿ ਪਲਤਿ ਗੁਤ ਸਦਾ ਸਹਾਇਕ ਅਪਦਾ ਸੰਕਟ ਸਕਲ ਨਸਾਇ ॥

ਬਹੁ ਪ੍ਰਸੰਨਤਾ ਸੰਗਤਿ ਮਾਂਹੀ
ਅਪਨੇ ਭਾਗ ਬਡੇ ਸਭਿ ਜਾਨਿ।
ਲੋਚਨ ਗੋਚਰ ਤੀਨ ਲੋਕ ਪਤਿ
ਪੁਨ ਸਿੱਛਜਾ ਸ਼ੁਭ ਕਰਹਿਂ ਬਖਾਨ।
ਸੇਵਕ ਲਖਹਿਂ ਕ੍ਰਿਪਾਨਿਧਿ ਹਮ ਕੋ,
ਹੁਇ ਪ੍ਰਸੰਨ ਉਪਦੇਸ਼ਤਿ ਦਾਨ।
ਦਰਸਹਿਂ ਚਰਨ ਸਪਰਸਹਿਂ ਹਰਖਹਿਂ
ਪਰਖਹਿਂ ਅਪਨੀ ਲਬਧਿ ਮਹਾਨ[1]
॥੧੭॥

[1]ਸ੍ਰੇਸ਼ਟ ਪਰਾਲਬਧ।

ਪੁਨ ਅਗਲੇ ਦਿਨ ਸਤਿਗੁਰ ਪੂਰਨ
ਬਸਤ੍ਰ ਸ਼ਸਤ੍ਰ ਨਿਜ ਦੇਹਿ ਸਜਾਇ।
ਅੰਗ ਬਿਭੂਖਨ ਭੂਖਤਿ ਸੁੰਦਰ
ਕਮਲ ਪੱਤ੍ਰ ਲੋਚਨ ਬਿਕਸਾਇ।
ਭੁਜ ਪਲੰਬ ਕਰ ਧਰਜੋ ਸਰਾਸਨ[1]
ਬਹੁਰ ਕੰਧ ਧਰਿ ਲੀਨਿ ਟਿਕਾਇ।
ਮੁਕਤਾ ਹੀਰਨਿ ਜਰਜੋ ਜਰਾਉ
ਤੀਖਨ ਤੀਰ ਨਿਖੰਗ ਸਹਾਇ ॥੧੮॥

[1]ਧਨੁਖ।

ਕਟਿ ਸ਼ਮਸ਼ੇਰ ਮੁਸ਼ਟ ਜਿਸ ਹਾਟਕ[1],
ਰੇਸ਼ਮ ਜ਼ਰੀ ਗਾਤਰਾ ਪਾਇ।
ਆਇਸੁ ਕਰਿ ਕੈ ਅਸ੍ਵ ਮੰਗਾਇਵ
ਧਰਤਿ ਚਪਲਤਾ ਜੁਤਿ ਛਿਤਿ ਪਾਇ।

[1]ਸੋਨੇ ਦੀ।

ਹੀਰੇ ਜਰੇ ਅੱਗ੍ਰ ਮਹਿਂ ਜਿਸ ਕੇ
ਸੁੰਦਰ ਜ਼ੀਨ ਜ਼ਰੀ ਦਿਪਤਾਇ।
ਭਏ ਅਰੂਢ ਗੂਢ ਗਨ ਜਿਨ ਕੇ
ਗਹੀ ਬਾਗ ਗਮਨੇ ਅਗੁਵਾਇ ॥੧੯॥
ਕਹਿ ਮੁਖ ਸ਼ਬਦ ਤੇਜ ਅਸੁ ਕੀਨਸਿ,
ਪਦ ਲਘੁਤਾ ਤੇ ਕੁਦਿਤਿ[1] ਬਿਸਾਲ।

[1]ਨਿਕੇ ਨਿਕੇ ਕਦਮ ਪੁੱਟ ਪੁੱਟ ਕੇ ਕੁੱਦਦਾ ਜਾਂਦਾ ਹੈ। (ਅ) ਫੁਰਤੀ ਨਾਲ ਕੁੱਦਦਾ ਹੈ।

ਜਨੁ ਘਨ ਸੁਨਿ ਸੁਨਿ ਮਨ ਗਨਿ ਮੁਦ ਕਰਿ
ਗ੍ਰੀਵ ਮੋਰਿ ਕਰਿ ਮੋਰ ਉਤਾਲ[1]।

[1]ਮਾਨੋ ਬੱਦਲ ਦੇ (ਸ਼ਬਦ) ਨੂੰ ਸੁਣ ਸੁਣ ਕੇ ਮਨ ਵਿਚ ਅਨੰਦ ਪ੍ਰਤੀਤ ਕਰ ਕੇ ਮੋਰ ਛੇਤੀ ਨਾਲ ਗਰਦਨ ਮੋੜਦਾ ਹੈ।

ਨਾਚਤਿ ਜਾਤਿ ਸੁਭਤਿ ਅਤਿ ਸ਼ੋਭਾ
ਗਰ ਕੰਚਨ ਚੌਂਕੀ ਇਸ ਢਾਲ।
ਮਨਹੁੰ ਚੰਚਲਾ ਧਰਕਨਿ ਤੇ ਥਿਰ
ਲਪਤ ਰਹੀ ਇਕ ਥਲ ਹਿਤ ਨਾਲ[1] ॥੨੦॥

[1]ਮਾਨੋਂ ਬਿਜਲੀ ਥਿੜਕਨ ਤੋਂ ਟਿਕ ਕੇ ਪ੍ਰੇਮ ਨਾਲ ਇਕ ਥਾਂ ਲੁਪਟ ਗਈ ਹੈ।

ਕਾਨਨ ਗਮਨੇ ਹਿਤ ਅਖੇਰ ਕੇ
ਸਕਲ ਬਾਹਨੀ ਸ਼ਸਤ੍ਰ ਸਜਾਇ।
ਚਢੇ ਤੁਰੰਗ ਕੁਰੰਗਨਿ ਸਮ[1] ਸੇ
ਬ੍ਰਿੰਦ ਭਏ ਪਸ਼ਚਾਤ ਧਵਾਇ।

[1]ਹਰਨਾਂ ਵਰਗੇ।

ਸਘਨ ਬ੍ਰਿਛਨਿ ਮਹਿਂ ਸੈਲ ਸਮੀਪਹਿ
ਨਿਕਸਹਿਂ ਬਨ ਪਸ਼ ਲੇਤਿ ਗਹਾਇ।
ਇਤ ਉਤ ਬਿਚਰਤਿ, ਜਿਤ ਕਿਤ ਦੇਖਤਿ
ਸੂਕਰ ਸਸੇ ਰੋਝ ਗਨ ਧਾਇ ॥੨੧॥
ਨਿਕਟਿ ਨਿਕਟਿ ਪਰਬਤ ਕੇ ਗਮਨਤਿ
ਖਗ ਮ੍ਰਿਗ ਤ੍ਰਾਸਤਿ ਜਾਤਿ ਪਲਾਇ।
ਚਮੂੰ ਚਲਹਿ ਪਸ਼ਚਾਤ ਬ੍ਰਿੰਦ ਸ਼ਭ
ਆਗੈ ਸਰਪ ਚਲਯੋ ਇਕ ਆਇ।
ਅਜਗਰ[1] ਸੰਗਜਾ ਕਹੈਂ ਲੋਕ ਜਿਸ

[1]ਇਕ ਤਰ੍ਹਾਂ ਦਾ ਵੱਡੇ ਆਕਾਰ ਦਾ ਪਰ ਮਹਾਂ ਸੁਸਤ ਸੱਪ, ਜੋ ਬੱਕਰੀਆਂ ਹਿਰਨ ਆਦਿ ਫੜ ਲਵੇ ਤਾਂ ਸਨੇ ਸਨੇ ਨਿਗਲ ਜਾਂਦਾ ਹੈ। [ਸੰਸ. ਅਜ = ×ਗਰ। ਅਜ = ਬਕਰੀ×ਗਰ = ਜੇ ਨਿਗਲ ਜਾਏ]

ਬਹੁ ਪਪੀਲਕਾ[1] ਕਾਟਤਿ ਖਾਇਂ।

[1]ਕੀੜੀਆਂ।

ਪਟਕਤਿ ਪੁੰਛ, ਸੁ ਫਟਕਤਿ ਫਨ ਕੋ,

ਤੜਫਤਿ, ਲਿਟਤਿ ਬਿਕੁਲ ਅਕੁਲਾਇ
॥੨੨॥
ਬਡੋ ਲੰਬੁ ਅਰੁ ਮੋਟੇ ਤਨ ਕੋ
ਪ੍ਰਾਪਤ ਜਿਸ ਕੌ ਕਸ਼ਟ ਬਿਸ਼ਾਲ।
ਕਾਟਤਿ ਕੀਟੀ ਉਲਟ ਪਲਟ ਹ੍ਵੈ
ਭਏ ਦੇਹਿ ਮੈਂ ਛਿੱਦ੍ਰ ਕਰਾਲ[1]।

[1]ਭ੍ਯਾਨਕ ਜ਼ਖਮ।

ਕੁਛ ਨ ਉਪਾਉ ਬਚਾਉ ਹੋਨਿ ਕੋ
ਲਾਖਹੁਂ[1] ਖਾਇਂ ਮਹਾਂ ਬਿਕਰਾਲ।

[1]ਲੱਖਾਂ (ਕੀੜੀਆਂ)।

ਸ਼੍ਰੀ ਹਰਿਰਾਇ ਬਿਲੋਕਨ ਕੀਨਸਿ
ਕ੍ਰਿਪਾ ਧਾਰ ਕਰਿ ਧਨੁਖ ਸੰਭਾਲਿ
॥੨੩॥
ਤਰਕਸ਼ ਤੇ ਸਰ ਕਰ੍ਯੋ ਨਿਕਾਸਨਿ
ਅਰਧ ਸੁ ਚੰਦ੍ਰਾਕਾਰ ਮਹਾਨ[1]।

[1]ਜੋ ਬੜਾ ਚੌੜਾ ਤੇ ਅੱਧੇ ਚੰਦ ਦੇ ਆਕਾਰ ਵਾਲਾ ਤੀਰ ਹੈ।

ਜੇਹ[1] ਬਿਖੈ ਆਰੋਪਨ ਕਰਿ ਦਿਢ

[1]ਢਿੱਲੇ।

ਹਾਥ ਤਾਨ ਤੇ ਕੇਤਿਕ ਤਾਨਿ[1]।

[1]ਹੱਥਾਂ ਦੇ ਜ਼ੋਰ ਨਾਲ ਕੁਝਕੁ ਖਿੱਚਕੇ।

ਸ਼੍ਰੀ ਹਰਿਰਾਇ ਸੁ ਬਾਨ ਪ੍ਰਹਾਰ੍ਯੋ
ਕਾਟਿ ਦੀਨਿ ਸਿਰ ਕੀਨਸਿ ਹਾਨ।
ਮ੍ਰਿਤਕ ਭਯੋ ਸ਼ੁਭ ਗਤਿ ਕੋ ਪ੍ਰਾਪਤਿ
ਗਮਨ੍ਯੋ ਉਰਧ ਅਰੂਢਿ ਬਿਮਾਨ ॥੨੪॥
ਕੌਤਕ ਦੇਖਿ ਚਮੂੰ ਚਿਤ ਚੱਕ੍ਰਿਤ
ਬੂਝਤਿ ਭਏ ਗੁਰਨਿ ਕੇ ਪਾਸ।
'ਕੌਨ ਹੁਤੋ, ਪ੍ਰਭ! ਕਰਹੁ ਬਤਾਵਨ,
ਕੌਨ ਪਾਪ ਕੋ ਫਲ ਭਾ ਤਾਸ?
ਆਮਿਖ ਕਾਟਿ ਕਾਟ ਕਰਿ ਕੀਟੀ
ਕੀਨੇ ਛਿੱਦ੍ਰ ਪਾਇ ਦੁਖ ਰਾਸਿ।
ਤਰਫਤਿ ਕੋ ਬਿਲੋਕ ਕਰਿ ਕਰੁਨਾ
ਆਪ ਬਾਨ ਤੇ ਕਰ੍ਯੋ ਬਿਨਾਸ਼' ॥੨੫॥
ਸੁਨਿ ਅਰਦਾਸ ਸੇਵਕਨਿ ਕੇਰੀ
ਸਰਬ ਬ੍ਰਿਤੰਤ ਗੁਰੂ ਸਮੁਝਾਇ।
'ਪ੍ਰਥਮ ਜਨਮ ਮੈਂ ਪੰਡਿਤ ਦਿਜ ਇਹੁ
ਗੁਰੂ ਕਹਾਵਤਿ ਨਰ ਸਮੁਝਾਇ।
ਅਹੰਕਾਰ ਤੇ ਅਫਰ੍ਯੋ ਨਿਤਪ੍ਰਤਿ

ਸਭਿਹਿਨਿ ਕੋ ਉਪਦੇਸ਼ ਬਤਾਇ।
ਮਤਿ ਬਿਦਾਂਤ, ਕੋ ਭਾਉ ਭਗਤਿ ਤਜਿ,
ਕਰਤਿ ਪਖੰਡ ਰਹਜੋ ਅਧਿਕਾਇ ॥੨੬॥
-ਅਹੰਬ੍ਰਹਮ- ਕੋ ਬਦਨ ਬਖਾਨੈ,
ਰਿਦੈ ਨ ਲੇਸ਼ ਭਯੋ ਪਰਿਵੇਸ਼।
ਸੁਤ ਬਨਿਤਾ ਸੋਂ ਪ੍ਰੀਤਿ ਨਿਬਾਹਕ,
ਸਭਿ ਤੇ ਧਨ ਲੇ ਕੀਨਿ ਵਿਸ਼ੇਸ਼।
ਸੰਤਨਿ ਆਗੈ ਨਿੰਮ੍ਰਿ ਹੋਇ ਨਹਿੰ,
ਅਭਿਮਾਨੀ ਮਨ ਰਹੈ ਹਮੇਸ਼।
-ਮੈਂ ਹੌਂ ਸਭਿ ਤੇ ਬਡੋ- ਬਿਚਾਰਤਿ,
-ਮੈਂ ਬਿੱਦਜਾ ਪਠਿ ਲੀਨਿ ਅਸ਼ੇਸ਼ ॥੨੭॥
ਅਪਰ ਲੋਕ ਬਿੱਦਜਾ ਨਹਿਂ ਜਾਨੈਂ,
ਤਿਨ ਸੋਂ ਨਿੰਮ੍ਰਿ ਬਨੌਂ ਕਿਸ ਭਾਇ।
ਲਘੁ ਮਤਿ ਹੈ, ਆਸ਼ੈ ਨਹਿਂ ਜਾਨਤਿ,
ਮੈਂ ਸਭਿਹਿਨਿ ਕੋ ਪੰਥ ਬਤਾਇ-।
ਸਿੱਖ ਕਰੈ ਬਹੁ, ਸੇਵ ਨ ਠਾਨੇ
-ਅਹੰਬ੍ਰਹਮ- ਸੋ ਬਚਨ ਅਲਾਇ।
ਨਿਸ਼ਚਾ ਨਹੀਂ ਰਿਦੇ ਮਹਿਂ ਜਿਸ ਕੇ
ਭਾਉ ਭਗਤਿ ਮਹਿਂ, ਮੰਦ ਸੁਭਾਇ ॥੨੮॥
ਭਯੋ ਕਾਲ ਬਸਿ ਅਹੰਕਾਰ ਜੁਤਿ,
ਸਰਪ ਜੂਨਿ ਪਾਈ ਬਿਕਰਾਲ।
ਸਿੱਖਜਨਿ ਕੀ ਗਤਿ ਕਰਿ ਨ ਸਕਜੋ
ਕੁਛ ਸੋ ਪਪੀਲਕਾ ਹ੍ਵੈ ਕਰਿ ਜਾਲ।
ਜਿਨ ਤੇ ਧਨ ਲਿਯ ਭਲੋ ਨਹੀਂ ਕਿਯ,
ਸੋ ਕਾਟਤਿ ਹੈਂ ਮਾਸ ਕਰਾਲ।
ਭੱਖਨ ਕਰਤਿ ਦੇਤਿ ਬਡ ਸੰਕਟ
ਪਲਟੋ ਅਪਨੋ ਦੇਤਿ ਬਿਸ਼ਾਲ ॥੨੯॥
ਮ੍ਰਿਤਕ ਹੋਤਿ ਅਬਿ ਦੁਖ ਕਰਾਲ ਤੇ,
ਮੇਰੋ ਦਰਸ਼ਨ ਪਾਵਨ ਕੀਨਿ।
ਸ਼ੁਭ ਗਤਿ ਕੋ ਇਹ ਪ੍ਰਾਪਤਿ ਹੋਵਾ,

ਪੂਰਬ ਜਨਮ ਭਏ ਅਘ ਹੀਨ।
ਬਿਨਾ ਗਜ੍ਯਾਨ ਜਗ ਗੁਰੂ ਕਹਾਵਤਿ
ਸੰਕਟ ਘੋਰ ਲਹੈ ਸੁਖ ਛੀਨ।
ਕਾਚੇ ਗੁਰੁ ਕੇ ਸਿਖ ਹ੍ਵੈਂ ਜਗ ਮੈਂ
ਮਾਨੁਖ ਜਨਮੁ ਬਾਦ ਤਿਨ ਚੀਨ ॥੩੦॥
ਸਹਿਤ ਸਿੱਖ ਕੇ ਗੁਰੂ ਗਜ੍ਯਾਨ ਬਿਨ,
ਸੰਕਟ ਘੋਰ ਅੰਤ ਕੋ ਪਾਇ।
ਤਾਂ ਤੇ ਭੋ ਸੰਗਤਿ ! ਸਭਿ ਸੁਨੀਅਹਿ,
ਪੂਜਾ ਅੰਸ ਨ ਲਿਹੁ ਕਬਿ ਖਾਇ।
ਹੋਇ ਦੁਖ਼ਦ, ਕੋ ਬਨਹਿ ਸਹਾਇ ਨ,
ਬਹੁਤ ਬਿਸੂਰਹਿ ਜਮ ਬਸਿ ਪਾਇ।
ਪਰਮ ਕਿਰਤਿ ਕਰਿ ਸੰਤਨਿ ਸੇਵਹਿ
ਤਿਸ ਕੋ ਮੈਂ ਸਭਿ ਥਾਨ ਸਹਾਇ†' ॥੩੧॥

†ਉਨ੍ਹਾਂ ਗਿਆਨੀਆਂ ਤੇ ਉਪਦੇਸ਼ ਦਾਤਿਆਂ ਨੂੰ ਜੋ ਸ਼੍ਰੀ ਗੁਰ ਪ੍ਰਤਾਪ ਸੂਰਜ ਵਿਚ ਵੇਦਾਂਤ ਦੇ ਮਸਲੇ ਪੜ੍ਹਕੇ ਤੇ ਵਿਚਾਰ ਸਾਗਰ ਆਦਿਕ ਗ੍ਰੰਥਾਂ ਦੇ ਮਸਲੇ ਘੋਟ ਕੇ ਬਿਨਾਂ ਸੇਵਾ, ਬਿਨਾਂ ਭਾਉ ਭਗਤਿ, ਬਿਨਾ ਨਾਮ ਅੱਭਜ਼ਾਸ, ਬਿਨਾ ਰਹਿਣੀ ਤੇ ਬਿਨਾ ਅੰਦਰਲੇ ਤਿਆਗ ਤੋਂ ਤੇ ਬਿਨਾਂ ਭਗਵੰਤ ਦੇ ਪ੍ਰੇਮ ਵਿਚ ਲੀਨ ਹੋਏ ਦੇ ਆਗੂ ਤੇ ਵੱਡੇ ਹੋ ਹੋ ਬਹਿੰਦੇ, ਉਪਦੇਸ਼ ਦਿੰਦੇ ਤੇ ਗੁਰੂ ਕਹਾਉਂਦੇ ਹਨ, ਕਵਿ ਜੀ ਦੇ ਇਸ ਲਿਖੇ ਪ੍ਰਸੰਗ ਤੋਂ ਤੇ ਉਸ ਵਿਚ ਸਤਿਗੁਰਾਂ ਦੇ ਦਿੱਤੇ ਉਪਦੇਸ਼ ਤੋਂ ਲਾਭ ਉਠਾਉਣਾ ਚਾਹੀਏ। ਨਿਰੇ ਵੇਦਾਂਤੀ ਮਸਲਿਆਂ ਦੀ ਘੋਟਾ ਘਾਟੀ-ਮੈਂ ਬ੍ਰਹਮ-ਦੀਆਂ ਡੀਂਗਾਂ ਵਿਹਤ ਹੁੰਦੀਆਂ ਤਾਂ ਸਤਿਗੁਰ ਪੰਚਮ ਪਾਤਸ਼ਾਹ ਜੀ ਕਾਨ੍ਹੇ ਦਾ ਵਾਕ ਕਿਉਂ ਤ੍ਰਿਸਕਾਰ ਕਰ ਦੇਂਦੇ।

ਦੋਹਰਾ:
ਦੇ ਕਰਿ ਇਸ ਉਪਦੇਸ਼ ਕੋ, ਕਾਨਨ ਤੇ ਗ੍ਰਿਹ ਆਇ।
ਸਭਿ ਬਿਸਮੇ ਹੁਇ ਕਹਤਿ ਭੇ, 'ਧੰਨ ਗੁਰੂ ਹਰਿਰਾਇ' ॥੩੨॥

ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਅਜਗਰ' ਪ੍ਰਸੰਗ ਬਰਨਨੰ ਨਾਮ ਚਤੁਰਥੇ ਅੰਸੂ ॥੪॥

੫. [ਭਾਈ ਗੋਂਦੇ ਦਾ ਧ੍ਯਾਨ ਮਗਨ ਚਰਨੀਂ ਲਿਵਲੀਨ ਹੋਣਾ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:
ਭਾਈ ਗੋਂਦਾ ਗੁਰ ਭਗਤ,
ਗੁਰ ਮੂਰਤਿ ਕੋ ਧ੍ਯਾਨ।
ਦਰਸਹਿ ਦਰਸ਼ਨ ਰਿਦੇ ਮਹਿਂ,
ਸਦਾ ਨੇਮ ਇਮ ਜਾਨਿ ॥੧॥
ਚੌਪਈ:
ਸ਼੍ਰੀ ਸਤਿਗੁਰ ਪੂਰਨ ਹਰਿਰਾਇ।
ਕਿਤਿਕ ਸਮੋ ਢਿਗ ਸੇਵ ਕਮਾਇ।
ਭਏ ਪ੍ਰਸੰਨ ਏਕ ਦਿਨ ਹੇਰਾ।
ਕਹ੍ਯੋ ਬਾਕ ਸ਼੍ਰੀ ਮੁਖ ਤਿਸ ਬੇਰਾ ॥੨॥
'ਕਾਬਲ ਕੇਰ ਵਲਾਇਤ ਜੋਇ।
ਤਹਿਂ ਕੀ ਸੰਗਤਿ ਸਿਖ ਸਭਿ ਕੋਇ।
ਤਹਾਂ ਰਹਹੁ ਸਭਿ ਕੀ ਸੁਧ ਲੇਹੁ।
ਸਿੱਖੀ ਕੋ ਉਪਦੇਸ਼ ਕਰੇਹੁ ॥੩॥
ਤਹਿਂ ਕੀ ਜੋ ਗੁਰ ਕਾਰ ਅਸ਼ੇਸ਼।
ਕਰਹੁ ਸਕੇਲਨਿ ਸਗਰੇ ਦੇਸ਼।
ਸੰਤ, ਅਥਿਤ, ਸਿੱਖਜਨਿ ਅਚਵਾਵਹੁ।
ਗੁਰ ਕੀ ਦੇਗ ਬਿਸਾਲ ਚਲਾਵਹੁ ॥੪॥
ਸੋ ਮੁਜਰੇ[1] ਸਗਰੀ ਪਰ ਜਾਇ।
ਅਪਰ ਦੇਗ ਜੇਤਿਕ ਸਮੁਦਾਇ[1]।
ਸਕਲ ਹਜ਼ੂਰ ਪਠਾਵਨ ਕਰੋ।
ਸਿਖ ਸੰਗਤਿ ਤੇ ਜੇਤਿਕ ਧਰੋ[1]' ॥੫॥
ਸੁਨਿ ਆਗ੍ਯਾ ਕੋ ਹੁਇ ਕਰਿ ਬਿਦਾ।
ਬੰਦਨ ਕਰਿ ਗਮਨ੍ਯੋ ਸੋ ਤਦਾ।
ਜਾਇ ਵਲਾਇਤ ਮੈਂ ਤਬਿ ਰਹ੍ਯੋ।
ਸਭਿ ਸੰਗਤ ਤੇ ਧਨ ਕੋ ਲਹ੍ਯੋ ॥੬॥
ਸਿੱਖ ਅਥਿੱਤਨਿ ਜਿਤਿਕ ਅਚਾਵਹਿ।
ਸੋ ਸਗਰੀ ਗੁਰ ਮੁਜਰੇ ਪਾਵਹਿ।
ਧਰਮਸਾਲ ਕਾਬਲ ਮਹਿਂ ਕੀਨਸਿ।
ਤਹਿਂ ਕੋ ਛੁਧਿਤ ਰਹਨਿ ਨਹਿਂ ਦੀਨਸਿ

[1]ਸਫਲੀ ਹੋ ਜਾਏਗੀ।
[1]ਦੇਗ ਤੋਂ ਹੋਰ ਜੋ ਵਧੇ।
[1]ਲਵੋ।

॥ ੭ ॥
ਸਤਿਗੁਰ ਪ੍ਰੇਮ ਕਰੇ ਨਿਤ ਮਾਤਾ[1]।
ਸੱਤਿਨਾਮ ਸਿਮਰਤਿ ਸੁਖਦਾਤਾ।
ਧ੍ਯਾਨ ਪਰਾਯਨ ਰਹਿ ਅਧਿਕਾਈ।
ਬਹੁ ਚਿਰ ਰਾਖਹਿ ਬ੍ਰਿੱਤਿ ਟਿਕਾਈ ॥ ੮ ॥

[1]ਪ੍ਰੇਮ ਕਰਨ ਵਿਚ ਨਿਤ ਮਸਤ ਰਹੇ।

ਪ੍ਰੇਮ ਭਗਤਿ ਤਿਸ ਕੀ ਬਡਿ ਜਾਣੀ।
ਸ਼੍ਰੀ ਸਤਿਗੁਰ ਕੇ ਮਨ ਮਹਿਂ ਭਾਣੀ।
ਸਭਾ ਮਾਂਹਿ ਸ਼੍ਰੀ ਬਦਨ ਬਖਾਣੀ।
'ਗੋਂਦਾ ਸੇਵਤਿ ਪ੍ਰੀਤਿ ਮਹਾਣੀ ॥ ੯ ॥
ਦਿਨ ਪ੍ਰਤਿ ਧਰੈ ਧ੍ਯਾਨ ਗੁਰੁ ਮੂਰਤਿ।
ਅੰਗ ਪ੍ਰਤਜੰਗ ਜਥਾ ਸ਼ੁਭ ਸੂਰਤਿ।
ਨੇਮ ਕਰਤਿ ਸੋ ਜਿਤਿਕ ਸਮੇਂ ਕੋ।
ਧਰੈ ਧ੍ਯਾਨ ਗੁਰ ਚਰਨਨਿ ਮੈਂ ਕੋ' ॥ ੧੦ ॥
ਇਕ ਦਿਨ ਗੋਂਦੇ ਮੱਜਨ ਠਾਨਾ।
ਪ੍ਰਥਮੈ ਸ਼੍ਰੀ ਜਪੁ ਪਾਠ ਬਖਾਨਾ।
ਪੁਨ ਸਤਿਗੁਰ ਕੋ ਲਾਯਹੁ ਧ੍ਯਾਨਾ।
ਬਢ੍ਯੋ ਅਨੰਦ ਬ੍ਰਿਤੀ ਠਹਿਰਾਨਾ ॥ ੧੧ ॥
ਧ੍ਯਾਨ ਬਿਖੈ ਗੁਰ ਕੇ ਨਿਜ ਹਾਥ।
ਪਦ ਅਰਬਿੰਦ ਗਹੇ ਰਤਿ ਸਾਥ[1]।
ਇਸ ਅਨੰਦ ਮੈਂ ਲੈ ਹੁਇ ਗਯੋ।
ਨਿਰ ਬਿਕਲਪ ਸਮਾਧਿ[1] ਥਿਤ ਠਯੋ ॥ ੧੨ ॥

[1]ਪ੍ਰੇਮ ਨਾਲ।

[1]ਉਹ ਸਮਾਧੀ ਜਿਸ ਵਿਚ ਗ੍ਯਾਤਾ ਤੇ ਗ੍ਯੇਯ ਵਿਚ ਅੰਤਰਾ ਨਾ ਰਹੇ।

ਨਹਿਂ ਸਰੀਰ ਕੀ ਸੁਧ ਕੁਛ ਰਹੀ।
ਨਿਸ਼ਚਲਤਾ ਐਸੀ ਤਿਨ ਗਹੀ।
ਸੁਨਹਿ ਨ ਦੇਖਹਿ, ਪਰਸ ਨ ਜਾਨੈ।
ਰਸਨਾ, ਘ੍ਰਾਨ[1] ਬਿਸ਼ਯ ਨਹਿਂ ਮਾਨੈ ॥ ੧੩ ॥

[1]ਸੁੰਘਣ ਦੀ ਸ਼ਕਤੀ।

ਟਿਕੀ ਬ੍ਰਿੱਤਿ ਮਹਿਂ ਭਯੋ ਅਨੰਦ।
ਕਰ ਮਹਿਂ ਗਹਿ ਗੁਰ ਪਦ ਅਰਬਿੰਦ।
ਅਚਲ ਹੋਇ ਕਰਿ ਬੈਠ੍ਯੋ ਰਹ੍ਯੋ।

ਅਪਰ ਨ ਕਿਨਹੂੰ ਤਿਨ ਕੁਛ ਕਹ੍ਯੋ
॥੧੪॥
ਗੁਰ ਦਰਸ਼ਨ ਮਹਿਂ ਗਯੋ ਸਮਾਇ।
ਸਾਗਰ ਬਿਖੈ ਬੂੰਦ ਕੇ ਭਾਇ।
ਸ਼੍ਰੀ ਕੀਰਤਿਪੁਰਿ ਗੁਰ ਹਰਿਰਾਇ।
ਸਿੰਘਾਸਨ ਪਰ ਥਿਰੇ ਸੁਹਾਇ ॥੧੫॥
ਦੋਨੋਂ ਚਰਨ ਇਕੱਤਹਿ ਕਰੇ।
ਬੈਠਿ ਰਹੇ ਨਹਿਂ ਹਲਿਬੋ ਧਰੇ।
ਭਈ ਭੋਰ ਤੇ ਨਿਸ਼ਚਲ ਭਏ।
ਜਬਿ ਦੁਇ ਜਾਮ ਬੀਤ ਦਿਨ ਗਏ
॥੧੬॥
ਗੁਹਜ ਬਾਤ ਨਹਿਂ ਕਿਨਹੂੰ ਜਾਨੀ।
ਥਿਰੇ ਸਮੀਪ ਮੌਨਤਾ ਠਾਨੀ।
ਤਜ਼ਾਰ ਅਹਾਰ ਅਨੇਕ ਪ੍ਰਕਾਰੇ।
ਆਨਿ ਰਸੋਈਆ ਖਰੋ ਅਗਾਰੇ ॥੧੭॥
ਹਾਥ ਜੋਰਿ ਅਰਦਾਸ ਬਖਾਨੀ।
ਗੁਰ ਮਹਾਂਰਾਜ ਨ ਬੋਲੇ ਬਾਨੀ।
ਪਿਖਿ ਸੁਭਾਇ ਕੋ ਬਿਸਮੈ ਹੋਏ।
ਸਤਿਗੁਰ ਕਿਸ ਕੀ ਦਿਸ਼ਿ ਨਹਿਂ ਜੋਏ
॥੧੮॥
ਲੀਲ੍ਹਾ ਮਹਾਂ ਪ੍ਰੇਮ ਕੀ ਸ੍ਵਾਮੀ[1]।
ਕੌਨ ਲਖੈ ਬਿਨ ਅੰਤਰਜਾਮੀ।
ਦੁਇ ਘਟਿਕਾ ਬਿਤ ਗਏ ਪਿਛਾਰੀ।
ਪੁਨ ਸੇਵਕ ਅਰਦਾਸ ਉਚਾਰੀ ॥੧੯॥
ਸਤਿਗੁਰ ਨਹੀਂ ਕਹ੍ਯੋ ਕਛੁ ਫੇਰੇ।
ਬੈਠਿ ਰਹੇ ਸਭਿ ਬਿਸਮ ਬਡੇਰੇ।
ਚਤੁਰ ਘਟੀ ਬੀਤੇ ਪੁਨ ਦਾਸ।
ਹਾਥ ਜੋਰਿ ਕੀਨਸਿ ਅਰਦਾਸ ॥੨੦॥
'ਸਿੱਧ[1] ਅੰਨ ਸਭਿ ਸੀਤਲ ਭਯੋ।
ਰਾਵਰਿ ਬਿਨ ਕਿਨਹੂੰ ਨਹਿਂ ਖਯੋ।
ਹੁਕਮ ਆਪ ਕੋ ਹੋਇ ਸੁ ਕਰੈਂ।
ਬਰਤਹਿ ਦੇਗ ਕਿਧੋਂ ਇਮ ਧਰੈਂ' ॥੨੧॥

[1]ਸ੍ਵਾਮੀ ਦੀ।

[1]ਤਿਆਰ ਕੀਤਾ ਹੋਇਆ। ਰਿੱਧਾ ਪੱਕਾ।

ਸੁਨਿ ਗੁਰ ਤੂਸ਼ਨਿ ਕਰਿ ਤਿਸ ਕਾਲਾ।
ਰਹੇ ਸਿੰਘਾਸਨ ਅਚਲ ਕ੍ਰਿਪਾਲਾ।
ਦੋਇ ਘਟੀ ਦਿਨ ਰਹ੍ਯੋ ਸੁ ਜਾਇ[1]।
ਕਹ੍ਯੋ ਬਹੁਰ ਸੇਵਕ ਸਮੁਦਾਇ ॥੨੨॥
'ਗੁਰੂ ਗਰੀਬ ਨਿਵਾਜ ਕ੍ਰਿਪਾਲਾ !
ਲੀਲ੍ਹਾ ਤੁਮਰੀ ਅਧਿਕ ਬਿਸਾਲਾ।
ਹਮ ਅਲਪੱਗ ਜੀਵ ਕ੍ਯਾ ਜਾਨੈਂ।
ਬਿਨਾ ਆਪ ਕੇ ਕਰੇ ਬਖਾਨੈ ॥੨੩॥
ਸਰਬ ਦ੍ਯੋਸ ਬੈਠ੍ਯੋ ਸੁ ਬਿਤਾਯੋ।
ਰਾਵਰ ਨੇ ਪਗ ਨਹੀਂ ਹਿਲਾਯੋ।
ਦੇਗ ਬਿਖੈ ਭੋਜਨ ਸਭਿ ਤ੍ਯਾਰ।
ਧਰ੍ਯੋ ਰਹ੍ਯੋ ਸੋ ਤਿਸੀ ਪ੍ਰਕਾਰ ॥੨੪॥
ਸਿੱਖਜਨਿ ਕੇਰ ਸੰਦੇਹ ਮਹਾਨਾ।
ਕ੍ਯਾ ਕਾਰਨ ਭਾ ਕਰਹੁ ਬਖਾਨਾ।'
ਦਾਸਨਿ ਕੀ ਸੁਨਿ ਕੈ ਅਰਦਾਸ।
ਬਿਕਸਤਿ ਮੁਖਿ ਤੇ ਕੀਨਿ ਪ੍ਰਕਾਸ਼ ॥੨੫॥
'ਕਾਬਲ ਮਹਿਂ ਗੋਂਦਾ ਸਿਖ ਰਹੇ।
ਧਰੇ ਧ੍ਯਾਨ ਦੋਨੋ ਪਦ ਗਹੇ।
ਕਿਸ ਬਿਧਿ ਤਿਸ ਤੇ ਚਰਨ ਛੁਟਾਵੌਂ।
ਬਿਨਾ ਛੁਟੇ ਕਿਮ ਲੰਗਰ ਜਾਵੌਂ ॥੨੬॥
ਰਹ੍ਯੋ ਉਡੀਕਤਿ ਛੋਰਹਿ ਮੋਹੀ।
ਦ੍ਰਿਢ ਗਹਿ ਰਾਖ੍ਯੋ ਤ੍ਯਾਗ ਨ ਹੋਹੀ।'
ਜਬਿ ਸੰਧ੍ਯਾ ਹੋਈ ਦਿਨ ਗਯੋ।
ਤਬਿ ਗੋਂਦਾ ਜਾਗਤਿ ਤਹਿਂ ਭਯੋ ॥੨੭॥
ਛੁਟੀ ਸਮਾਧਿ ਦੇਹਿ ਸੁਧ ਹੋਈ।
ਤਜੇ ਚਰਨ ਗੁਰ ਕੇ ਤਬਿ ਦੇਈ।
ਉਠਿ ਕਰਿ ਗਮਨੇ ਸ਼੍ਰੀ ਹਰਿਰਾਇ।
ਸਦਾ ਪ੍ਰੇਮ ਬਸਿ ਜਿਨਹੁਂ ਸੁਭਾਇ ॥੨੮॥
ਸਿਖ ਬਿਸਮਾਦ ਰਹੇ ਸੁਨਿ ਦੇਖਿ।
ਜਾਨ੍ਯੋ ਸਿਖ ਕੋ ਪ੍ਰੇਮ ਵਿਸ਼ੇਸ਼।
ਕ੍ਰਿਪਾਸਿੰਧੁ ਲੰਗਰ ਮਹਿਂ ਆਏ।

[1]ਜਾਂ ਦੋ ਘੜੀ ਦਿਨ ਰਹਿਆ ਭਾਵ ਬਾਕੀ ਰਹਿ ਗਿਆ।

ਭੋਜਨ ਅਨਿਕ ਪ੍ਰਕਾਰ ਬ੍ਰਤਾਏ ॥੨੯॥
ਸੰਗਤਿ, ਸੇਵਕ, ਸਿੱਖਜਨਿ, ਸੂਰਨਿ[1]। [1]ਸੂਰਮਿਆਂ ਨੇ।
ਕਰਜੋ ਅਹਾਰ ਛੁਧਿਤ ਸੰਪੂਰਨ।
ਸੁਨਿ ਸਤਿਗੁਰ ਤੇ ਸਰਬ ਬ੍ਰਿਤਾਂਤ।
ਸਭਿ ਸੰਗਤਿ ਜਾਨਜੋ ਬੱਖਜਾਤ ॥੩੦॥
-ਨਿਰਨੈਂ ਕਰੈਂ ਜਿ ਗੋਂਦਾ ਆਵੈ।
ਮਿਲਿ ਬੂਝੈਂ ਸੋ ਸਕਲ ਬਤਾਵੈ-।
ਕੇਤਿਕ ਦਜੋਸ ਬਹੁਰ ਬਿਤਿ ਗਏ।
ਗੋਂਦਾ ਬਡ ਸੰਗਤਿ ਸੰਗ ਲਏ ॥੩੧॥
ਜਿਤੇ ਵਿਲਾਇਤ ਕੇ ਸਿਖ ਬ੍ਰਿੰਦ।
ਲੇ ਕਰਿ ਅਪਨੇ ਸੰਗ ਬਿਲੰਦ।
ਚਲਿ ਕਾਬਲ ਤੇ ਦਰਸ਼ਨ ਕਾਰਨ।
ਆਵਤਿ ਕਰਤੇ ਸ਼ਬਦ ਉਚਾਰਨ ॥੩੨॥
ਪ੍ਰੇਮ ਭਰੇ ਬਹੁ ਆਇ ਪਹੂੰਚੇ।
ਸਤਿਗੁਰ ਪ੍ਰੇਮ ਜਿਨਹੁ ਮਨ ਰੂਚੇ।
ਕੀਰਤਿਪੁਰਿ ਮਹਿਂ ਆਨਿ ਪ੍ਰਵੇਸ਼ੇ।
ਸੰਗਤਿ ਬ੍ਰਿੰਦ ਅਕੋਰ ਵਿਸ਼ੇਸ਼ੇ ॥੩੩॥
ਸ਼੍ਰੀ ਸਤਿਗੁਰ ਥਿਤ ਸਭਾ ਮਝਾਰੇ।
ਦਰਸ਼ਨ ਕਰਜੋ ਆਨਿ ਸਿਖ ਸਾਰੇ।
ਢੁਰਤਿ ਚਮਰ ਦੁਇ ਦਿਸ਼ਿ ਬਹੁ ਸੇਤ[1]। [1]ਚਿੱਟਾ।
ਉਡਹਿ ਮਰਾਲ ਤਥਾ ਛਬਿ ਦੇਤਿ ॥੩੪॥
ਗਾਇਂ ਰਬਾਬੀ ਰਾਗ ਅਨੇਕ।
ਸੁੰਦਰ ਸ਼ਬਦ ਬਿਸਾਲ ਬਿਬੇਕ।
ਜੋਧਾ ਬ੍ਰਿੰਦ ਸਭਾ ਸਭਿ ਭਰੀ।
ਛਰੀਦਾਰ[1] ਕੰਚਨ ਕੀ ਜਰੀ ॥੩੫॥ [1]ਚੋਬਦਾਰ।
ਕਰਤਿ ਮੇਵਰੇ ਸਿਖ ਅਰਦਾਸ।
ਪੁਰਹਿਂ ਕਾਮਨਾ ਸਤਿਗੁਰ ਪਾਸ।
ਕਾਬਲ ਕੀ ਸੰਗਤਿ ਤਿਸ ਕਾਲ।
ਦਰਸਤਿ ਭੇ ਧਰਿ ਭੇਟ ਬਿਸਾਲ ॥੩੬॥
ਗੋਂਦਾ ਮੁੱਖਜ ਜਿਨਹੁ ਕੇ ਮਾਂਹਿ।
ਆਇ ਮਿਲੇ ਬੈਠੇ ਪੁਨ ਪਾਹਿ।
ਖੁਸ਼ੀ ਕ੍ਰਿਪਾਲ ਸਰਬ ਪਰ ਕਰੀ।

ਰਿਦੇ ਕਾਮਨਾ ਜਸ ਜਸ ਪੁਰੀ ॥੩੭॥
ਤਬਿ ਸਿੱਖਜਨ ਸੋ ਬਾਤ ਚਲਾਈ।
'ਕਿਮ ਸਮਾਧਿ ਗੋਂਦੇ ਸੁ ਲਗਾਈ?'
ਸੁਨਿ ਕਾਬਲ ਕੇ ਸਿੱਖਜ ਅਲਾਵੈਂ।
ਜੋ ਤਿਸ ਕੇ ਨਿਤ ਪਾਸ ਰਹਾਵੈਂ ॥੩੮॥
'ਇਕ ਦਿਨ ਬੈਠਜੋ ਕਰਿ ਇਸ਼ਨਾਨ।
ਮੂੰਦਿ ਬਿਲੋਚਨ ਲਾਯਹੁ ਧਜਾਨ।
ਸਭਿ ਦਿਨ ਬੀਤ ਗਯੋ ਥਿਤ ਬੈਸਾ।
ਨਹਿਂ ਸੁਧਿ ਤਨ ਕੀ ਲਘੁ, ਗਿਰ ਜੈਸਾ[1] ॥੩੯॥
ਨਹੀਂ ਕਰਜੋ ਕਿਸ ਨੇ ਇਹ ਭਾਂਤੀ।
ਬਿਨ ਅਹਾਰ ਇੰਦ੍ਰੈ ਮਨ ਸ਼ਾਂਤੀ।
ਸੂਰਜ ਅਸਤ ਭਯੋ ਤਿਸ ਕਾਲ।
ਤਬਿ ਹੋਯੋ ਤਨ ਸੁਧ ਕੇ ਨਾਲ ॥੪੦॥
ਇਮ ਹੋਈ ਇਕ ਦਿਨ ਧ੍ਰਮਸਾਲ।
ਚਾਰਹੁੰ ਜਾਮ ਸਮਾਧਿ ਬਿਸਾਲ।
ਤੁਮ ਕਿਮ ਬੂਝਤਿ ਦੇਹੁ ਸੁਨਾਈ?
ਕਿਸ ਪ੍ਰਕਾਰ ਸੁਧ ਇਹ ਠਾਂ ਆਈ' ॥੪੧॥
ਸੁਨਿ ਕੈ ਤਿਨ ਸਭਿ ਕਹਜੋ ਬ੍ਰਿਤਾਂਤ।
ਜਿਮ ਸਤਿਗੁਰ ਕੀਨਸਿ ਬੱਖਜਾਤ।
'ਚਾਰ ਜਾਮ ਬੈਠੇ ਹੀ ਰਹੇ।
ਕਹਿਤ ਭਏ -ਹਮਰੇ ਪਦ ਗਹੇ ॥੪੨॥
ਕਿਮ ਲੰਗਰ ਮਹਿਂ ਕਰਹਿਂ ਪਯਾਨਾ-।
ਥਿਰੇ ਸਿੰਘਾਸਨ ਕ੍ਰਿਪਾ ਨਿਧਾਨਾ।'
ਸੁਨਿ ਦੁਹਿਦਿਸ਼ਿ ਕੇ ਸਭਿ ਬਿਰਤਾਂਤ।
ਬਿਸਮੈ ਹੋਏ ਲਖਿ ਸਿੱਧਾਂਤ ॥੪੩॥
'ਸਤਿਗੁਰ ਮਹਿੰਮਾ ਮਹਾਂ ਮਹਾਨੇ।
ਕਜਾ ਅਲਪੱਗਜ ਜੀਵ ਹਮ ਜਾਨੇਂ।'
ਭਾਈ ਗੋਂਦੇ ਕੀ ਬਡਿਆਈ।
ਭਈ ਅਧਿਕ ਸ਼੍ਰੀ ਮੁਖ ਤੇ ਗਾਈ ॥੪੪॥
ਪ੍ਰੇਮ ਅਧੀਨ ਪ੍ਰਮੇਸ਼ੁਰ ਜਾਨਾ।

[1]ਤਨ ਦੀ ਥੋੜ੍ਹੀ ਬੀ ਸੁਧ ਨਾਂ ਸੀ (ਤੇ ਐਉਂ ਅਹਿੱਲ ਬੈਠਾ ਰਿਹਾ) ਜਿਵੇਂ ਪਰਬਤ।

ਨਿਤ ਪ੍ਰੇਮੀ ਕੇ ਬਸੀ ਮਹਾਨਾ।
ਅਸ ਪ੍ਰਭੁ ਕੇ ਜੋ ਮਨਹੁ ਬਿਸਾਰੇ।
ਮਾਨੁਖ ਜਨਮ ਜਗਤ ਸੇ ਹਾਰੇ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਗੋਂਦੇ ਕੋ' ਬਰਨਨੰ ਨਾਮ ਪੰਚਮੋ ਅੰਸੂ ॥੫॥

੬. [ਸਿੱਖਾਂ ਨੂੰ ਉਪਦੇਸ਼]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:
ਸ਼੍ਰੀ ਸਤਿਗੁਰ ਹਰਿਰਾਇ ਜੀ, ਸਿੱਖਨਿ ਦੇਂ
ਉਪਦੇਸ਼।
'ਗੁਰ ਨਮਿੱਤ ਲੰਗਰ ਕਰਹੁ, ਹੁਇ
ਕੱਲਜਾਨ ਵਿਸ਼ੇਸ਼' ॥੧॥
ਚੌਪਈ:
ਇਮ ਸਤਿਗੁਰ ਤੇ ਸੁਨਿ ਸਿਖ ਜਾਵੈਂ।
ਨਿਜ ਨਿਜ ਗ੍ਰਿਹ ਲੰਗਰ ਵਰਤਾਵੈਂ।
ਭੂਖਾ ਰਹਨਿ ਨ ਕੋਈ ਪਾਇ।
ਸਤਿ ਸੰਗਤਿ ਕੋ ਦੇਂ ਤ੍ਰਿਪਤਾਇ ॥੨॥
ਪੁਰਿ ਗ੍ਰਾਮਨਿ ਮਹਿਂ ਗੁਰ ਸਿਖ ਜਹਾਂ।
ਛੁਧਿਤ ਸੁ ਭੋਜਨ ਪ੍ਰਾਪਤਿ ਤਹਾਂ।
ਨਿਰਧਨ, ਰੰਕ, ਅਨਾਥ ਮਹਾਨੇ।
ਅੰਗ ਭੰਗ ਹੁਇ, ਮਿਲੈ ਨ ਖਾਨੇ ॥੩॥
ਸੋ ਸਗਰੇ ਪੁਰਿ ਗ੍ਰਾਮ ਮਝਾਰਾ।
ਗੁਰ ਸਿੱਖਨਿ ਕੇ ਕਰਹਿਂ ਅਹਾਰਾ।
ਜਿਨ ਕੇ ਬਹੁ ਧਨ ਗ੍ਰਿਹ ਮੈਂ ਨਾਂਹੀ।
ਸੋ ਮਿਲਿ ਕਰਿ ਕੈ ਆਪਸਿ ਮਾਂਹੀ ॥੪॥
ਇਕ ਥਲ ਦੇਗ ਗੁਰੂ ਹਿਤ ਕਰੈਂ।
ਛੁਧਿਤ ਹੋਤਿ ਸੋ ਉਦਰ ਸੁ ਭਰੈਂ।
ਗੁਰਸਿਖ ਗੁਰ ਸਿੱਖਜਨਿ ਪੈ ਜਾਇ।
ਤਿਹ ਸਨਮਾਨਹਿਂ ਕਰਿ ਬਹੁ ਭਾਇ
॥੫॥
ਦੇ ਭੋਜਨ ਕੋ ਤਿਹ ਤ੍ਰਿਪਤਾਵੈਂ।
ਭੁਖਾ ਸਿਖ ਕੋ ਰਹਨਿ ਨ ਪਾਵੈ।
ਪ੍ਰੀਤਿ ਧਾਰਿ ਗੁਰ ਸਿੱਖਜਨਿ ਸੇਵੈਂ।
ਸਾਦਰ ਸਤਿਸੰਗਤਿ ਮਿਲਿ ਜੇਵੈਂ ॥੬॥
ਇਹ ਸਭਿ ਦਿਸ਼ਿ ਤੇ ਸਤਿਗੁਰ ਪਾਸ।
ਆਨਿ ਆਨਿ ਠਾਨਹਿਂ ਅਰਦਾਸ।
'ਅਮੁਕੇ ਪੁਰਿ ਮੈਂ ਅਮੁਕੇ ਗ੍ਰਾਮੂ।
ਚਲਹਿ ਦੇਗ ਅਮੁਕੇ ਸਿਖ ਧਾਮੂ' ॥੭॥

ਸੁਨਿ ਸੁਨਿ ਸਤਿਗੁਰ ਹੋਇਂ ਪ੍ਰਸੰਨ।
ਨਿਜ ਸਿੱਖਜਨਿ ਕੋ ਭਾਖਹਿਂ 'ਧੰਨ।'
ਦੇਗ਼ ਗੁਰੂ ਕੀ ਬਹੁਤ ਸਥਾਨ।
ਪੁਰਿ ਪੁਰਿ ਮਹਿਂ ਮਹਿਮਾ ਮਹੀਆਨ ॥੮॥
ਸੁਜਸੁ ਹੋਇ ਸ਼੍ਰੀ ਸਤਿਗੁਰ ਕੇਰਾ।
ਊਚ ਨੀਚ ਬਹੁ ਦੇਸ਼ ਘਨੇਰਾ।
ਜੋ ਦਰਸ਼ਨ ਗੁਰ ਕੇ ਚਲਿ ਆਵੈ।
ਹੁਇ ਕ੍ਰਿਪਾਲ ਉਪਦੇਸ਼ ਦ੍ਰਿੜਾਵੈਂ ॥੯॥
'ਮਮ ਸਿਖ ਹੋਇ ਜੁ, ਸੇਵਾ ਕਰੇ।
ਨੀਵੇਂ ਮਨ ਭਗਤੀ ਕੋ ਧਰੇ।
ਪਰਉਪਕਾਰ ਸਦਾ ਉਰ ਧਾਰੇ।
ਕਿਸਹੂੰ ਕੀ ਨਹਿਂ ਨਿੰਦ ਉਚਾਰੇ ॥੧੦॥
ਸੱਤਿਨਾਮ ਕੋ ਨਹੀਂ ਬਿਸਾਰੇ।
ਉਠਤਿ ਬੈਠਤਿ ਰਿਦੇ ਸੰਭਾਰੇ।
ਕਿਰਤ ਧਰਮ ਕੀ ਸਦਾ ਕਮਾਵੈ।
ਸੇਵੈ ਸਿੱਖਨਿ ਕੋ ਤ੍ਰਿਪਤਾਵੈ' ॥੧੧॥
ਏਕ ਬੇਰ ਬੈਸਾਖੀ ਮੇਲੇ।
ਦੇਸ਼ ਦੇਸ਼ ਕੇ ਸਿੱਖ ਸਕੇਲੇ।
ਗੁਰਸਿੱਖਨਿ ਚਿਤ ਚਾਉ ਬਿਸਾਲੇ।
ਚਲਿ ਆਏ ਮਿਲ ਕਰਿ ਹਿਤ ਨਾਲੇ ॥੧੨॥
ਜਥਾ ਜੋਗ ਉਪਹਾਰਨਿ ਲੀਨੇ।
ਆਇ ਸਭਿਨਿ ਗੁਰ ਦਰਸ਼ਨ ਕੀਨੇ।
ਹੇਰਿ ਹੇਰਿ ਉਰ ਭਯੋ ਅਨੰਦ।
ਗਨ ਚਕੋਰ ਜਿਮ ਪੂਰਨ ਚੰਦ ॥੧੩॥
ਸਤਿਗੁਰ ਸੂਰਜ ਨਦਰੀ ਆਏ।
ਲੋਚਨ ਕਮਲ ਸਭਿਨਿ ਬਿਕਸਾਏ।
ਜਿਮ ਚਾਤ੍ਰਿਕ ਹੁਇਂ ਅਧਿਕ ਤ੍ਰਿਖਾਏ।
ਬੂੰਦ[1] ਗੁਰੂ ਦਰਸ਼ਨ ਤ੍ਰਿਪਤਾਏ ॥੧੪॥
ਜਿਸ ਪ੍ਰਕਾਰ ਮ੍ਰਿਗ ਤ੍ਰਿਸ਼ਨਾ ਧਾਏ।
ਸੁਧਾ ਸਮੁੰਦ੍ਰ ਮਿਲ੍ਯੋ ਹਰਖਾਏ।

[1](ਸ੍ਵਾਂਤੀ) ਬੂੰਦ।

ਮਨਹੁੰ ਭੌਰ ਗਨ ਭ੍ਰਮਤਿ ਬਿਲੰਦ।
ਭਏ ਸਥਿਰ ਪਿਖਿ ਪਗ ਅਰਬਿੰਦ ॥ ੧੫ ॥
ਦਰਸ਼ਨ ਕਰਿ, ਦੈ ਕਰਿ ਉਪਹਾਰ[1]। [1]ਭੇਟਾਵਾਂ।
ਹਾਥ ਜੋਰਿ ਪਗ ਬੰਦਨ ਧਾਰਿ।
ਬੈਠੇ ਸ਼੍ਰੀ ਸਤਿਗੁਰ ਪਰਵਾਰਜੋ[1]। [1]ਘੇਰਾ ਪਾਕੇ।
ਜਥਾ ਚੰਦ੍ਰਮਾ ਉਡ ਦਿਸ਼ਿ ਚਾਰਜੋ[1] ॥ ੧੬ ॥ [1]ਚਾਰੋਂ ਤਰਫਾਂ ਤੋਂ ਤਾਰਿਆਂ ਨਾਲ (ਘੇਰਿਆ ਹੋਇਆ)।
ਬਹੁ ਸਿੱਖਨਿ ਤਬਿ ਬਾਤ ਚਲਾਈ।
'ਅਮਕੇ ਸਿੱਖਨਿ ਦੇਗ਼ ਬਨਾਈ।
ਬਹੁ ਸੰਗਤਿ ਕੀ ਸੇਵਾ ਕਰਿਹੀ।
ਦੇਤਿ ਅਹਾਰ ਭਾਉ ਕੋ ਧਰਿਹੀ ॥ ੧੭ ॥
ਪੁਰਿ ਗ੍ਰਾਮਨਿ ਸਤਿਗੁਰ ਜਸੁ ਭਯੋ।
ਨਿਤ ਲੰਗਰ ਕੋ ਸਿੱਖਜਨਿ ਦਯੋ।
ਰਾਵਰ ਕੋ ਉਪਦੇਸ਼ ਕਮਾਵੈਂ।
ਗੁਰ ਕੇ ਪ੍ਰੇਮ ਅਹਾਰ ਅਚਾਵੈਂ ॥ ੧੮ ॥
ਸ਼੍ਰੀ ਹਰਿਰਾਇ ਬਾਕ ਜਬਿ ਸੁਨਜੋ।
ਸਭਾ ਮਝਾਰ ਸਭਿਨਿ ਸੋਂ ਭਨਜੋ।
'ਸਿੱਖ ਕੌਨ ਸੋ ਹਮੈ ਬਤਾਵਹੁ।
ਦੇਗ ਦੇਤਿ, ਤਿਨ ਕੋ ਦਿਖਰਾਵਹੁ ॥ ੧੯ ॥
ਸੇਵ ਭਗਤਿ ਕੀ ਜੁਗਤਿ ਬਿਸਾਲਾ[1]। [1]ਸੇਵਾ ਤੇ ਭਗਤੀ ਦੀ ਜੁਗਤੀ ਸ੍ਰੇਸ਼ਟ।
ਹਮ ਬੂਝਹਿਂ ਤਿਨ ਕੋ ਇਸ ਕਾਲਾ।'
ਤਬਹਿ ਸਿੱਖ ਉਠਿ ਕਰਿ ਦੁਇ ਫਿਰੇ।
ਜਹਿਂ ਜਹਿਂ ਬੈਠੇ ਦੇਖਨਿ ਕਰੇ ॥ ੨੦ ॥
ਕਰਿ ਇਕੱਤ੍ਰ ਗੁਰ ਢਿਗ ਲੇ ਆਏ।
ਖਰੇ ਸਮੁਖ ਨਿਜ ਸੀਸ ਨਿਵਾਏ।
ਸ਼੍ਰੀ ਹਰਿਰਾਇ ਹੇਰਿ ਤਿਨ ਓਰੇ।
ਖਰੇ ਅਗਾਰੀ ਜੁਗ ਕਰ ਜੋਰੇ ॥ ੨੧ ॥
ਬੂਝਨਿ ਕਰੇ 'ਕੌਨ ਬਿਧਿ ਸੇਵਾ?
ਤੁਮ ਨੇ ਕੀਨਸਿ ਹਿਤ ਗੁਰਦੇਵਾ?'
ਤਬਿ ਸਿੱਖਜਨਿ ਸਭਿ ਭੇਦ ਸੁਨਾਯੋ।
'ਦਯਾ ਧਾਰ ਜੋ ਸਿਖ ਚਲਿ ਆਯੋ ॥ ੨੨ ॥

ਤਿਸ ਕੋ ਭੋਜਨ ਦੇ ਤ੍ਰਿਪਤਾਇਵ।
ਸਭਿਨਿ ਪਿਛਾਰੀ ਤੇ ਹਮ ਖਾਇਵ।
ਜਿਤਿਕ ਅਤਿੱਥਿ ਕ੍ਰਿਪਾ ਕਰਿ ਆਵੈਂ।
ਲੰਗਰ ਤੇ ਅਹਾਰ ਸਭਿ ਖਾਵੈਂ' ॥੨੩॥
ਨਿਜ ਸੇਵਾ ਕਰਤੇ ਜਿਮ ਰਹੇ।
ਅਪਨੇ ਕਰਮ ਸਮੂਹਨਿ ਕਹੇ।
ਸੁਨਤਿ ਖਿਮਾਂ ਕਰਿ ਰਹੇ ਗੁਸਾਈਂ।
ਨਹਿਂ ਸ਼੍ਰੀ ਮੁਖ ਤੇ ਕਛੂ ਅਲਾਈ ॥੨੪॥
ਤਬਿ ਸੰਗਤਿ ਸਭਿ ਕੀਨਸਿ ਬਿਨਤੀ।
'ਰਹੀ ਪ੍ਰਭੂ ਜੀ ! ਹਮ ਉਰ ਗਿਨਤੀ।
ਜਥਾ ਆਪ ਕੀ ਆਗਜਾ ਹੋਇ।
ਤਥਾ ਕਰੈਂ ਸੁਨਿ ਕੈ ਸਭਿ ਕੋਇ' ॥੨੫॥
ਤਬਿ ਸ਼੍ਰੀ ਮੁਖ ਤੇ ਸਤਿਗੁਰ ਬੋਲੇ।
ਜਗਤ ਭਗਤਿ ਕੀ ਰੀਤਿ ਅਮੋਲੇ।
'ਸੁਨਹੁ ਸਿੱਖਜ ! ਤੁਮ ਅਤਿ ਪ੍ਰਿਯ ਮੋਰੇ।
ਕਰਨਿ ਪ੍ਰੇਮ ਕੀ ਨਿਤ ਉਰ ਲੋਰੇ ॥੨੬॥
ਯਾਂ ਤੇ ਸ਼ੁਭ ਉਪਦੇਸ਼ ਬਤਾਵੌਂ।
ਜਮ ਸੰਕਟਿ ਤੇ ਤੁਮਹਿਂ ਛੁਟਾਵੌਂ।
ਨਿਸ ਦਿਨ ਚਿਤਵਨ ਚਿਤਵਤਿ ਚਿਤ ਮੈਂ।
ਮਮ ਸਿਖ ਪ੍ਰਾਪਤਿ ਹੁਇਂ ਸ਼ੁਭ ਗਤਿ ਮੈਂ ॥੨੭॥
ਸਮੇਂ ਚੁਕੇ ਤੇ ਜੋ ਸਿਖ ਆਇਵ।
ਤਿਹ ਭੀ ਕਿਨਹੁਂ ਅਹਾਰ ਖੁਲਾਇਵ?
ਇਸ ਕੋ ਫਲ ਉੱਤਮ ਇਹ ਜਾਨੋ।
ਅੰਨ ਦਾਨ ਸਮ ਦਾਨ ਨ ਮਾਨੋ' ॥੨੮॥
ਸੁਨਿ ਸਿਖ ਬੂਝਤਿ 'ਇਹ ਕਿਮ ਲਹੀਐ?
ਸਮੋ ਚੁਕਜੋ ਕਿਹ ਕੋ ਪ੍ਰਭੁ ! ਕਹੀਐ[1]।
ਇਸ ਕੋ ਜਾਨਿ ਕਰਹਿਂ ਪੁਨ ਤੈਸੇ।
ਹਿਤ ਕੋ ਕਰਨਿ ਆਪ ਕੋ ਜੈਸੇ[1]' ॥੨੯॥

[1]ਸਮਾ ਚੁਕਿਆ ਕਿਸ ਨੂੰ ਕਹੀਦਾ ਹੈ ਹੇ ਪ੍ਰਭੂ !

[1]ਜਿਵੇਂ ਆਪ ਨੂੰ (ਸਾਡਾ) ਹਿਤ ਕਰਨ ਦਾ (ਸੰਕਲਪ ਫੁਰਿਆ ਹੈ)।

ਦੋਹਰਾ:
ਫੁਰਮਾਇਵ ਸ਼੍ਰੀ ਬਦਨ ਤੇ, 'ਬੀਤਜੋ ਸਮੋ ਅਹਾਰ।

ਛੁਧਿਤ ਸਿੱਖਜ ਆਯੋ ਤਬਹਿ,
ਤ੍ਰਿਪਤਾਵਹਿ ਕਰਿ ਤਜਾਰ ॥੩੦॥

ਚੌਪਈ:
ਅਸ ਸੇਵਾ ਮਹਿਂ ਪ੍ਰੇਮ ਬਿਸਾਲ।
ਕਰੈ ਤਜਾਰ ਪੁਨ ਦੇ ਹਿਤ ਨਾਲ।
ਚੂਕੇ ਸਮੈ ਅਤਿਥਿ ਸਿਖ ਆਵੈ।
ਭਾਉ ਭਗਤਿ ਸੋਂ ਤਿਸ ਤ੍ਰਿਪਤਾਵੈ ॥੩੧॥
ਅਸ ਸੇਵਾ ਮੈਂ ਕਰੌਂ ਪ੍ਰਮਾਨ।
ਮੁਝ ਕੋ ਤ੍ਰਿਪਤਿ ਸੁ ਕਰੈ ਮਹਾਨ।
ਅਤਿ ਪ੍ਰਸੰਨ ਮੈਂ ਤਿਸ ਪਰ ਹੋਵੌਂ।
ਜਨਮ ਮਰਨ ਕੇ ਸੰਕਟ ਖੋਵੌਂ ॥੩੨॥
ਹਲਤਿ ਪਲਤਿ ਮੈਂ ਰਹੌਂ ਸਹਾਇਕ।
ਰੱਛੌਂ ਦੇ ਕਰ ਬਿਘਨ ਨਸਾਇਕ।
ਇਮ ਸੇਵਤਿ ਸਿਮਰਤਿ ਹਰਿਨਾਮੂ।
ਸਤਿਸੰਗਤ ਤੇ ਪਾਵਨ ਧਾਮੂ[1] ॥੩੩॥
ਸੋਈ ਸਿੱਖ ਮੋਹਿ ਕੋ ਪਜਾਰੋ।
ਸ੍ਵਾਸ ਸ੍ਵਾਸ ਮੈਂ ਸਦਾ ਸਮਾਰੌਂ।
ਬਸੀ ਰਹੌਂ ਤਿਸ ਕੇ ਸੰਗ ਹੋਇ।
ਪ੍ਰੇਮ ਫਾਸ ਤੇ ਐਂਚਤਿ ਜੋਇ' ॥੩੪॥
ਸੁਨਿ ਸੰਗਤਿ ਕੀਨੀ ਅਰਦਾਸ।
'ਇਹ ਸਭਿ ਬਿਧਿ ਹੈ ਰਾਵਰਿ ਪਾਸ।
ਜਿਸ ਪਰ ਕਰਹੁ ਕ੍ਰਿਪਾ ਜਨ ਜਾਨਿ।
ਤਿਸ ਕਉ ਦੇਤੇ ਸੇਵਾ ਦਾਨ ॥੩੫॥
ਹਮ ਅਲਪੱਗ ਜੀਵ ਤੁਮ ਸ਼ਰਨੀ।
ਕ੍ਰਿਪਾ ਆਪ ਕੀ ਸੰਕਟ ਟਰਨੀ[1]।
[1]ਗਿਰਾ ਗੁਰੂ ਭਵ ਸਾਗਰ ਤਰਨੀ[2]।
ਮਥਨ ਗਜਾਨ ਅਗਨੀ ਕਹੁ ਅਰਨੀ[1] ॥੩੬॥

[1]ਘਰ ਪਵਿੱਤ੍ਰ ਹੁੰਦਾ ਹੈ।

[1]ਟਾਰਨ ਵਾਲੀ।

[1]ਗੁਰੂ ਜੀ ਬਾਣੀ ਦੀ ਮਹਿਮਾ ਕਹਿੰਦੇ ਹਨ। [2]ਬੇੜੀ ਰੂਪ।

[1]ਗਿਆਨ ਅਗਨੀ (ਪ੍ਰਗਟ ਕਰਨੇ ਲਈ ਗੁਰਬਾਣੀ ਪੜ੍ਹਨਾ ਵਿਚਾਰਨਾ ਆਦਿ) ਅਰਣੀ ਮਥਨ ਤੁੱਲ ਹੈ [ਸੰਸ. ਅਰਣੀ = ਇਕ ਪ੍ਰਕਾਰ ਦਾ ਲਕੜੀ ਦਾ ਯੰਤ੍ਰ ਜੋ ਯੱਗ ਅਗਨੀ ਲਈ ਵਰਤਦੇ ਹਨ। ਜਿਸ ਦੇ ਦੋ ਹਿੱਸੇ ਹੁੰਦੇ ਹਨ ਅਧਰਾ ਤੇ ਉੱਗ੍ਰਤ੍ਰਾ। ਅਧੁਰਾ ਵਿਚ ਛੇਕ ਹੁੰਦਾ ਹੈ ਉਸ ਉਤੇ ਉੱਤ੍ਰਾ ਖੜੀ ਕਰਕੇ ਰੱਸੀ ਨਾਲ ਮਥਦੇ ਹਨ, ਛੇਕ ਹੇਠਾਂ ਕਪਾਹ ਰੱਖਦੇ ਹਨ ਜਿਸ ਨਾਲ ਅੱਗ ਲੱਗ ਉੱਠਦੀ

	ਹੈ]
ਸੱਤਜਨਾਮ ਸਿਮਰਨ ਜਨੁ ਪਰਨੀ[1]।	[1]ਇੱਛ [ਸੰਸ. ਧਣਿ = ਬ੍ਰਿੱਛ]
ਤਿਸ ਨਿਪਜਾਵਨਿ ਕੋ ਸ਼ੁਭ ਧਰਨੀ[1]।	[1]ਗੁਰਬਾਣੀ ਨਾਮ ਸਿਮਰਨ ਰੂਪ ਬ੍ਰਿੱਛ ਦੇ ਉਪਜਾਵਣੇ ਦੀ ਸ਼ੁਭ ਧਰਤੀ ਹੈ।
ਤਿਹ ਲਖਿ ਅਰਥ, ਕਰੀ ਜਿਨ ਕਰਨੀ[1]।	[1]ਤਿਸ ਬਾਣੀ ਦਾ ਅਰਥ ਜਾਣ ਕੇ ਜਿਨ (ਚੰਗੀ) ਕਰਨੀ ਕੀਤੀ ਹੈ।
ਰਾਘ ਦ੍ਵੈਖ ਅਘ ਜੁਤਿ ਤਿਨ ਦਰਨੀ[1] ॥੩੭॥	[1]ਉਨ੍ਹਾਂ ਦੇ ਰਾਗ ਦ੍ਵੈਖ ਪਾਪਾਂ ਸਣੇ ਨਾਸ਼ ਕਰਨ ਵਾਲੀ ਹੈ (ਗੁਰਬਾਣੀ)।
ਗੁਰਬਾਨੀ ਬਰ ਜਨ[1] ਆਚਰਨੀ[2]।	[1]ਸ੍ਰੇਸ਼ਟ ਜਨਾਂ ਦੇ। [2]ਧਾਰਨ ਕਰਨੇ ਯੋਗ ਹੈ, [ਸੰਸ. ਆਚਰਣੀਯ]
ਰਿਦੇ ਬਿਕਾਰਨਿ ਤਿਨ ਕੇ ਛਰਨੀ[1]।	[1]ਉਨ੍ਹਾਂ (ਧਾਰਨ ਕਰਨ ਵਾਲਿਆਂ ਤੋਂ) ਰਿਦੇ ਦੇ ਵਿਕਾਰ ਛਲ ਲੈਣ ਵਾਲੀ ਹੈ।
ਪ੍ਰੇਮ ਪ੍ਰਮੇਸਰ ਕੀ ਇਹ ਘਰਨੀ[1]।	[1]ਪੈਦਾ ਕਰਨ ਵਾਲੀ (ਘੜਨ ਵਾਲੀ)। (ਅ) ਇਸਤ੍ਰੀ।
ਮਿਲੀ ਰਹੈ ਨਿਤ ਸਵਰਨ ਬਰਨੀ[1] ॥੩੮॥	[1]ਸ+ਵਰਨ+ਅਵਰਨੀ = ਭਾਵ ਅੱਖਰਾਂ ਦਾ ਇਸ ਦਾ ਰੂਪ ਹੈ ਇਸ ਕਰਕੇ ਵਰਨ ਰੂਪ ਹੈ ਤੇ ਉੱਤਮ ਭਾਵ ਅੰਦਰ ਉਤਪਤ ਕਰਦੀ ਹੈ ਇਉਂ ਅਵਰਨੀ ਹੈ ਅਰਥਾਤ ਅਰੂਪ ਹੈ (ਇਸ ਤਰ੍ਹਾਂ) ਪਰਮੇਸ਼ਰ ਨਾਲ ਮਿਲੀ ਰਹਿੰਦੀ ਹੈ, ਭਾਵ ਜੋ ਗੁਰਬਾਣੀ ਪੜ੍ਹਦੇ ਹਨ ਉਚੇ ਭਾਵਾਂ ਵਿਚ ਜਾ ਕੇ ਸਾਈਂ ਨਾਲ ਮਿਲੇ ਰਹਿੰਦੇ ਹਨ।
ਨਿਜ ਦਾਸਨ ਕੀ ਕੈਵਲ ਕਰਨੀ[1]।	[1]ਮੁਕਤੀ ਦਾਤਾ।
ਸਿੰਘਨਿ ਸਮ ਹੈ ਤ੍ਰਿਸ਼ਨਾ ਕਰਨੀ[1]।	[1]ਸ਼ੇਰਨੀ ਵਤ ਹੇ ਤ੍ਰਿਸ਼ਨਾ ਰੂਪੀ ਹਥਨੀ ਨੂੰ।
[1]ਮਹਦ ਅਬਿੱਦਜਾ ਚੰਚਲ ਹਰਨੀ।	[1]'ਅਵਿੱਦਿਆ' ਹਰਨੀ ਸਮਾਨ ਬੜੀ ਚੰਚਲ ਹੈ (ਜੋ ਅਭਿਆਸੀਆਂ ਦੇ ਕਾਬੂ ਨਹੀਂ ਚੜ੍ਹਦੀ, ਦਾਵ ਘਾਵ ਕਰਕੇ ਆ ਪੈਂਦੀ ਹੈ), ਉਸ ਹਰਨੀ ਨੂੰ ਇਹ ਸ਼ੇਰਨੀ ਰੂਪ ਗੁਰਬਾਣੀ ਆਪਣਾ ਬਲ ਕਰਕੇ ਝਟ ਪਟ ਹਰ ਲੈਂਦੀ ਹੈ। (ਮਾਰ ਦੇਂਦੀ ਯਾ ਕਾਬੂ ਕਰ ਲੈਂਦੀ ਹੈ)।
ਕਰਿ ਨਿਜ ਬਲ ਕੋ ਤਤਛਿਨ ਹਰਨੀ[1,2] ॥੩੯॥	

ਸ਼ੁਭ ਬਾਨੀ ਕੀ ਸੁਨੀ ਪ੍ਰਸੰਸਾ।
ਜੋ ਦਾਸਨਿ ਕੇ ਨਾਸ਼ਨਿ ਸੰਸਾ।
ਸੰਗਤਿ ਪਰ ਪ੍ਰਸੰਨ ਗੁਰ ਹੋਏ।
ਕ੍ਰਿਪਾ ਦ੍ਰਿਸ਼ਟਿ ਸੋਂ ਸਗਰੇ ਜੋਏ ॥੪੦॥
ਭਗਤਿ ਅੰਕੁਰ ਸਭਿਨਿ ਕੇ ਉਗਜੋ।
ਤਜਿ ਬਸ਼ਿਯਨਿ ਮਨ ਸਿਮਰਨ ਲਗਜੋ।
ਕਰੇ ਕ੍ਰਿਤਾਰਥ ਸ਼ੁਭ ਮਗ ਪਾਇ।
ਲਖੀ ਗੁਰੂ ਮਹਿਮਾ ਅਧਿਕਾਇ ॥੪੧॥
ਲਾਖਹੁ ਸਿੱਖਜਨਿ ਸ਼ੁਭ ਗਤਿ ਪਾਈ।

ਕਹਿੰ ਲਗ ਕਥਹਿਂ ਗੁਰੂ ਵਡਿਆਈ।
ਇਸ ਪ੍ਰਕਾਰ ਨਿਤ ਕਰਤਿ ਬਿਲਾਸੇ।
ਸ਼੍ਰੀ ਸਤਿਗੁਰ ਹਰਿਰਾਇ ਪ੍ਰਕਾਸ਼ੇ ॥੪੨॥
ਕਰਹਿਂ ਚੇਸ਼ਟਾ[1] ਕਿਸ ਬਿਧਿ ਕੋਇ। [1]ਲੀਲ੍ਹਾ।
ਸਭਿ ਬਿਧਿ ਸਿੱਖਜਨਿ ਕੀ ਸ਼੍ਰੇਯ[1] ਹੋਇ। [1]ਮੁਕਤੀ। ਸੁਖ।
ਨਿਤਪ੍ਰਤਿ ਸੰਗਤਿ ਆਇ ਹਜ਼ਾਰਨਿ।
ਦੇਂ ਉਪਹਾਰ ਲਗਾਇ ਅੰਬਾਰਨਿ ॥੪੩॥
ਬਡ ਮੇਲਾ ਵੈਸਾਖੀ ਹੋਵਾ।
ਪੁਰਹਿਂ ਕਾਮਨਾ ਸਤਿਗੁਰ ਜੋਵਾ।
ਕੀਰਤਪੁਰਿ ਬਹੁ ਡੇਰੇ ਪਰੇ।
ਬਡਭਾਗੀ ਗੁਰ ਦਰਸ਼ਨ ਕਰੇ ॥੪੪॥
ਜੈ ਜੈ ਕਾਰ ਸੰਗਤਾਂ ਕਰਿਹੀਂ।
'ਧੰਨ ਗੁਰੂ ਹਰਿਰਾਇ' ਉਚਰਿਹੀਂ।
ਜਿਸ ਕੋ ਬਾਕ ਜਥਾ ਹੁਇ ਜਾਇ।
ਸੋ ਨਰ ਤਤਛਿਨ ਫਲ ਕੋ ਪਾਇ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

੭. [ਰਾਜੇ ਹਾਥੀ ਮੰਗਣ ਆਏ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਸ੍ਰੀ ਸਤਿਗੁਰ ਹਰਿਰਾਇ ਜੀ, ਭੁਗਤਿ ਮੁਕਤਿ ਦੇਂ ਦਾਨ।
ਨਿਤ ਅਨੇਕ ਹੀ ਹੋਤਿ ਹੈਂ, ਸਿੱਖ ਸਹਿਤ ਕੱਲਜਾਨ ॥੧॥

ਚੌਪਈ:

ਦੇਸ਼ ਬਿਦੇਸ਼ਨਿ ਬ੍ਰਿੰਦ ਅਕੋਰ।
ਅਰਪਤਿ ਕਹਿਂ ਬਿਨਤੀ ਕਰ ਜੋਰਿ।
'ਸ਼੍ਰੀ ਸਤਿਗੁਰ ਜੀ ਕਾਰਜ ਮੋਹ।
ਸਿੱਧ ਭਯੋ ਹਤਿ ਬਿਘਨ ਸੰਦੋਹੁ[1] ॥੨॥
ਰਾਵਰ ਕੀ ਕਰੁਨਾ ਬਲ ਪਾਇ।
ਤਤਛਿਨ ਹੋਏ ਮੋਹਿ ਸਹਾਇ।'
ਕੋਇਕ ਕਹਤਿ 'ਪੁੱਤ੍ਰ ਮੁਝ ਦੀਨਸਿ।
ਪ੍ਰਥਮ ਅਕੋਰ ਇਹੀ ਕਹਿ ਲੀਨਸਿ[1]' ॥੩॥
ਕੋ ਭਾਖਤਿ 'ਮਮ ਦਾਰਿਦ ਖੋਵਾ।
ਇਹ ਦਸਵੰਧ ਆਪ ਕੋ ਹੋਵਾ।'
ਕੇਚਿਤ ਕਹਤਿ 'ਪੁਰਹੁ ਮਮ ਆਸ।
ਯਾਂ ਤੇ ਮੈਂ ਆਨਜੋ ਧਨ ਪਾਸ' ॥੪॥
ਇੱਤਜਾਦਿਕ ਕਹਿਂ ਬਿਨੈ ਹਜ਼ਾਰਨਿ।
ਆਨਿ ਚਢਾਵਤਿ ਹੈਂ ਉਪਹਾਰਨਿ।
ਘਟਿ ਘਟਿ ਕੀ ਲਖਿ ਅੰਤਰਜਾਮੀ।
ਪੂਰਹਿਂ ਕਾਮਨਾ ਸਿੱਖਜਨਿ, ਸ੍ਵਾਮੀ ॥੫॥
ਕੇਤਿਕ ਨਰ ਪਰਲੋਕ ਸੁਧਾਰਨਿ।
ਉਪਹਾਰਨਿ ਅਰਪਾਇਂ ਹਜ਼ਾਰਨਿ।
ਰਿਦੇ ਸ਼ੁੱਧ ਹਿਤ, ਦਰਸ਼ਨ ਦੇਖੈਂ।
ਦੁਖਦ ਬਿਕਾਰਨਿ ਹਰਹਿਂ ਅਸ਼ੇਖੈ ॥੬॥
ਦੂਰ ਦੇਸ਼ ਤੇ ਇਕ ਗਜ[1] ਆਇਵ।
ਕਾਂਹੂ ਨ੍ਰਿਪ ਨੇ ਭੇਟ ਚਢਾਇਵ।
ਸੁੰਦਰ ਮਹਾਂ ਬਿਸਦ ਜਿਸ ਰੰਗ।

[1]ਸਾਰੇ [ਸੰਸ. ਸੰਦੋਹ]

[1]ਪੁੱਤ੍ਰ ਲਈ) ਇਹ ਭੇਟਾ ਪਹਿਲੇ ਮੈਂ ਕਹਿ ਲਈ ਸੀ (ਕਿ ਚੜ੍ਹਾਸਾਂ)।

[1]ਹਾਥੀ।

ਗੁਨ ਸਮੁਦਾਇਨਿ ਸਹਿਤ ਮਤੰਗ[3] ॥੭॥
ਸਤਿਗੁਰ ਨਿਕਟਿ ਰਹੈ ਬਲਵੰਤਾ।
ਤਿਸ ਗਜ ਕੋ ਬਾ ਬਿਦਤਿ ਬ੍ਰਿਤੰਤਾ।
ਜਹਿਂ ਕਹਿਂ ਸੁਨੵੋ ਗੁਨੵੋ ਗੁਨ ਨੀਕੋ।
ਕੇਚਤਿ ਆਵਹਿਂ ਪਿਖਿਨਿ ਤਿਸੀ ਕੋ ॥੮॥
ਬਿਚ ਕਹਿਲੂਰ, ਹੁਤੋ ਬਡ ਰਾਜਾ।
ਰਹੈ ਸੰਗ ਬਹੁ ਸੈਨ ਸਮਾਜਾ।
ਦੁਤਿਯ ਹੰਡੂਰੀ ਮਿਲੵੋ ਨਿਰੰਦ।
ਕਰਤਿ ਪਰਸਪਰ ਅਨੰਦ ਬਿਲੰਦ ॥੯॥
'ਸ਼੍ਰੀ ਗੁਰ ਬਸਹਿਂ ਹਮਾਰੇ ਦੇਸ਼।
ਤਿਨ ਕੇ ਨਿਕਟਿ ਮਤੰਗ ਵਿਸ਼ੇਸ਼।
ਨਹੀਂ ਆਪ ਤੇ ਦੇਵਹਿ ਕੋਊ।
ਚਢਿ ਕੈ ਚਲਹੁ ਮਾਂਗ ਲੇਂ ਸੋਊ ॥੧੦॥
ਭੇਟ ਹਜ਼ਾਰਹੁਂ ਨਿਤਪ੍ਰਤਿ ਆਵੈ।
ਮੇਲਾ ਭਰਯੋ ਰਹੈ ਅਰਪਾਵੈ।
ਅਬਿ ਲਗਿ ਤਿਨ ਤੇ ਕਛੂ ਨ ਲੀਨੋ।
ਹਮਰੇ ਦੇਸ਼ ਬਾਸ ਚਿਰ ਕੀਨੋ' ॥੧੧॥
ਇਮ ਮਸਲਤ[1] ਜੁਗ ਰਾਜੇ ਕਰਿ ਕੈ। [1]ਸਲਾਹ।
ਮੰਦਮਤੀ ਲਾਲਚ ਕੋ ਧਰਿ ਕੈ।
ਸੈਨ ਸਕੇਲਿ ਦਿਖਾਵਨਿ ਕਾਰਨ।
ਲੇ ਕਰਿ ਚਢੇ, ਨ ਕੀਨਿ ਬਿਚਾਰਨ ॥੧੨॥
ਦਰਸ਼ਨ ਕੇ ਮਿਸਿ ਕਰਿ ਚਲਿ ਆਏ।
ਕੀਰਤਿਪੁਰਿ ਪਹੁੰਚੇ ਹਰਖਾਏ।
ਨਿਸ ਮਹਿਂ ਡੇਰਾ ਕਰਯੋ ਸੁ ਬਾਸੇ।
ਖਾਨ ਪਾਨ ਗੁਰ ਪਠਯੋ ਸੁ ਪਾਸੇ ॥੧੩॥
ਉਠੇ ਪ੍ਰਾਤਿ ਕੋ ਕਰਿ ਇਸ਼ਨਾਨਾ।
ਬਸਤ੍ਰ ਸ਼ਸਤ੍ਰ ਜੁਤਿ ਹ੍ਵੈ ਸਵਧਾਨਾ।
ਦਰਸ਼ਨ ਹਿਤ ਸ਼੍ਰੀ ਗੁਰ ਢਿਗ ਆਏ।
ਸੁਭਟ ਸੰਗ ਬਡ ਭੀਰ ਸੁ ਲਯਾਏ ॥੧੪॥
ਆਗੈ ਸਤਿਗੁਰ ਵਹਿਰ ਨਿਕਸਿ ਕੈ।

ਸਭਾ ਲਗਾਈ ਮਹਾ ਫਰਸ਼ ਕੈ।
ਜੋਧਾ ਸਨਧਬੱਧ ਹੁਇ ਸਾਰੇ।
ਬਸਤ੍ਰ ਸ਼ਸਤ੍ਰ ਭੂਖਨ ਤਨ ਧਾਰੇ ॥੧੫॥
ਸਿਪਰ ਕ੍ਰਿਪਾਨੈ ਕੰਚਨ ਖਚੇ।
ਧਨੁ[1] ਇਖਧੀ[2] ਸੁੰਦਰ ਬਿਧਿ ਰਚੇ।
[1]ਧਨੁਖ। [2]ਭੱਥਾ। [ਸੰ: ਇਖ਼ੁਧੀ]
ਸ਼ਬਦ ਰਬਾਬੀ ਗਾਵਤਿ ਰਾਗੇ।
ਜਿਨ ਕੋ ਸੁਨਿ ਗੁਰ ਗੁਨ ਅਨੁਰਾਗੇ[1] ॥੧੬॥
[1]ਸ੍ਰੀ ਗੁਰੂ ਜੀ ਦੇ ਗੁਣਾਂ ਵਿਚ ਪ੍ਰੀਤਿ ਹੁੰਦੀ ਹੈ।
ਖਰੋ ਨਕੀਬ ਅਵਾਜ ਪ੍ਰਕਾਸ਼ਤਿ।
ਗੁਰੂ ਸੁਜਸੁ ਤੇ ਰਿਦਾ ਹੁਲਾਸਤਿ।
ਚੋਬਦਾਰ ਕੋ ਗਨ ਹੈ ਖਰੋ।
ਕੰਚਨ ਦੰਡ ਸੁਹਾਵਤ ਖਰੋ[1] ॥੧੭॥
[1]ਚੰਗੇ।
ਖਰੇ ਮੇਵਰੇ ਭੂਖਨ ਸਨੇ।
ਸਿੱਖਜਨਿ ਕੀ ਅਰਦਾਸਨਿ ਭਨੇ।
ਕੇਤਿਕ ਮਖ਼ਮਲ ਫਰਸ਼ ਕਰਾਵਾ।
ਚਹੂੰ ਓਰ ਤੇ ਰੁਚਿਰ ਸੁਹਾਵਾ ॥੧੮॥
ਬਹੁਤ ਮੋਲ ਕੇ ਬਿਛੇ ਗਲੀਚੇ।
ਚੋਆ[1] ਅਤਰ ਸੁਗੰਧਿ ਉਲੀਚੇ[2]।
[1]ਚੰਦਨ ਨਾਲ ਕੇਸਰ ਕਸਤੂਰੀ ਮਰਸੇ ਦੇ ਫੂਲ ਦਿਆਰ ਦਾ ਬੂਰਾ ਮਿਲਾਕੇ ਸੇਕ ਨਾਲ ਚੁਆਈ ਸੁਗੰਧੀ। [2]ਛਿੜਕਿਆ ਹੈ।
ਚੁਹੰਦਿਸ਼ਿ ਤੇ ਮਹਿਕਾਰ ਉਠੰਤੀ।
ਜ਼ਰੀਦਾਰ ਗਾਦੀ ਦੁਤਿਵੰਤੀ ॥੧੯॥
ਬਡ ਉਪਧਾਨੁ ਧਰੇ ਇਕ ਓਰੇ।
ਗੁੰਫੇ ਜ਼ਰੀ ਸੁ ਰੇਸ਼ਮ ਡੋਰੇ।
ਬੈਠੇ ਬੀਚ ਗੁਰੂ ਹਰਿਰਾਇ।
ਕੋ ਉਪਮਾ ਕਵਿ ਕਹੈ ਬਨਾਇ ॥੨੦॥
ਸ਼ੱਕ੍ਰ[1] ਸਹਤਿ ਸੁਰ ਗਨ ਪਰਵਾਰਤਿ।
[1]ਇੰਦ੍ਰ।
ਬੈਠੇ ਬਿਸ਼ਨੁ ਮਨਹੁ ਦੁਤਿ ਧਾਰਤਿ।
ਇਕ ਸੌ ਏਕ ਪਾਟ[1] ਗਰ ਜਾਮਾ।
[1]ਪੱਲੇ ਦਾ।
ਬਹੁ ਸੂਖਮ ਸ਼ੋਭਤਿ ਅਭਿਰਾਮਾ ॥੨੧॥
ਕੁੰਡਲ ਕਰਨ ਦਿਪਤ ਹੈਂ ਮੋਤੀ।
ਕਟਕ[1] ਜਰਾਉ ਜੋਤਿ ਉਦੋਤੀ।
[1]ਕੜੇ।
ਨਵਰਤਨੇ[1] ਸਹਿਤਿ ਇਸ ਭਾਂਤੀ।
[1]ਨੌ ਰਤਨ ਜੜਤ ਬਹੁੱਟੇ।

ਨਵ ਗ੍ਰੈਹ ਬੈਠੇ ਕਰਿ ਜਨੁ ਪਾਂਤੀ ॥੨੨॥
ਮੁਕਤਾ ਮਾਲ ਅਮੋਲ ਬਿਸਾਲਾ।
ਸੁਰਸਰਿ[1] ਜਲ ਧਾਰਾ ਜਨੁ ਚਾਲਾ।
ਪਾਗ ਪੇਚ ਬਾਂਧੇ ਬਿਚ ਖਰੀ।
ਊਪਰਿ ਜਿਗਾ ਜਰਾਉਨਿ ਜਰੀ ॥੨੩॥
[1]ਸਬਜ਼ੇ ਸਭਿ ਜੇ ਹੀਰਨ ਸੰਗ।
ਸਸਿ ਡਕਰੇ ਜਨੁ ਉੱਜਲ ਰੰਗ[12]।
ਚਮਰ ਚਾਰੁ ਊਪਰ ਕੋ ਫਿਰਿਹੀ।
ਬਿਸਦ ਮਰਾਲਨਿ ਕੇ ਸਮਸਰ ਹੀ ॥੨੪॥
ਸਿਪਰ ਖੜਗ ਗੁਰ ਧਾਰਨਿ ਕਰਜੋ।
ਨਿਕਟਿ ਸਰਾਸਨ ਇਖਧੀ ਧਰਜੋ।
ਇਤ ਰਾਜੇ ਦੋਨਹੁ ਮਿਲਿ ਕਰਿ ਕੈ[1]।
ਆਵਤਿ ਭੇ ਮਸਲਤ ਕੋ ਧਰਿ ਕੈ ॥੨੫॥
-ਜੇ ਕਰਿ ਜਾਚਜੋ ਦੇਹਿਂ ਨ ਹਾਥੀ।
ਸੁਭਟ ਸੈਨ ਬਡ ਦੋਨੋ ਸਾਥੀ।
ਬਲ ਕਰਿ ਛੀਨ ਲੇਹਿਂ ਲੇ ਚਲਿ ਹੈਂ।
ਕਹਾਂ ਗੁਰੂ ਕਜਾ ਹਮਰੇ ਤੁਲ ਹੈ- ॥੨੬॥
ਇਹ ਬੁਧਿ ਕਰਿ ਭੂਪਤਿ ਅੱਗਜਾਨੀ।
ਆਏ ਨਿਕਟਿ ਰਾਜ ਮਦ ਮਾਨੀ।
ਅੰਤਰਜਾਮੀ ਸ਼੍ਰੀ ਹਰਿਰਾਇ।
ਜਾਨੀ ਸਭਿ ਜੋ ਮਤਿ ਠਹਿਰਾਇ ॥੨੭॥
-ਨਾਸ਼ ਕਰੈਂ ਇਨ ਕੋ ਹੰਕਾਰ।
ਬੇਮੁਖ ਮਤਿ ਕੇ ਅੰਧ ਗੁਬਾਰ-।
ਇਮ ਸਤਿਗੁਰ ਨੇ ਮਤਿ ਠਹਿਰਾਈ।
ਤਬਿ ਨ੍ਰਿਪ ਆਏ ਭਟ ਸਮੁਦਾਈ ॥੨੮॥
ਪਦ ਅਰਬਿੰਦ ਬੰਦਨਾ ਕਰਿ ਕੈ।
ਬੈਠੇ ਨਿਕਟਿ ਹਰਖ ਹੰ ਕਰਿ ਕੈ।
ਭਟ ਸਭਿ ਸਚਿਵ[1] ਪਹਾਰ ਪਤੀ ਕੇ[2]।
ਕਰਿ ਕਰਿ ਨਮੋ ਸਭਾ ਥਿਤ ਨੀਕੇ

[1]ਗੰਗਾ।

[1](ਜਿਸ ਵਿਚ) ਚੰਦ ਟੁਕੜੀਆਂ ਵਾਂਙੂ ਉੱਜਲ ਹੀਰਿਆਂ ਨਾਲ ਸਾਰੇ ਪੰਨੇ ਜੜੇ ਹਨ।

[1]ਹੰਕਾਰ ਕਰਕੇ।

[1]ਵਜੀਰ। [2]ਪਹਾੜੀ ਰਾਜਿਆਂ ਦੇ।

॥੨੯॥
ਕੁਸ਼ਲ ਪ੍ਰਸ਼ਨ ਕਰਿ ਸ਼੍ਰੀ ਹਰਿਰਾਇ।
ਕਿਤਿਕ ਬਾਰਤਾ ਅਪਰ ਚਲਾਇ।
ਬਹੁਰ ਕਹޘੋ 'ਮੱਲਜਨਿ ਕੋ ਘੁਰਿਬੋ।
ਭੋ ਭੂਪਤਿ! ਤੁਮ ਕਰਹੁ ਨਿਹਰਿਬੋ' ॥੩੦॥
ਇਮ ਕਹਿ ਸ਼੍ਰੀ ਗੁਰ ਮੱਲਜ ਬੁਲਾਏ।
ਸੁਨਤਿ ਹੁਕਮ ਕੋ ਸੋ ਚਲਿ ਆਏ।
ਜਿਨ ਕੇ ਤਨ ਦੀਰਘ ਬਲ ਭਾਰੇ।
ਨ੍ਰਿਪਨਿ ਕਬਹੁਂ ਅਸ ਨਹੀਂ ਨਿਹਾਰੇ ॥੩੧॥
ਕਿਸ ਕੋ ਮੱਲ ਭਿਰੈ ਅਬਿ ਆਇ[1]।
ਪ੍ਰਾਨ ਹਾਨਿ ਕਰਿ ਦੇਤਿ ਗਿਰਾਇ।
ਡਰਤਿ ਨ ਸਨਮੁਖ ਹੋਵਹਿ ਕੋਈ।
ਕੁਸ਼ਤੀ ਕਰਤਿ ਪਰਸਪਰ ਦੋਈ ॥੩੨॥
ਆਨਿ ਤਿਨਹੁਂ ਅਭਿਬੰਦਨ ਠਾਨੀ।
ਦੇਖਿ ਦੁਹਨਿ ਦਿਸ਼ ਗੁਰੂ ਬਖਾਨੀ।
'ਭਿਰਹੁ ਪਰਸਪਰ ਨ੍ਰਿਪਨਿ ਦਿਖਾਵਹੁ।
ਜ਼ੋਰ ਆਪਨੋ ਸਕਲ ਜਨਾਵਹੁ' ॥੩੩॥
ਹੁਕਮ ਪਾਇ, ਕਰਿ ਬੰਦਨ ਦੋਊ।
ਭਿਰੇ, ਬਿਲੋਕਤਿ ਹੈ ਸਭਿ ਕੋਊ।
ਭੁਜਨਿ ਠੋਕਤੇ ਸ਼ਬਦ ਉਠਾਵੈਂ।
ਨਰਨ ਪਹਾਰੀ ਰਿਦੇ ਡਰਾਵੈਂ ॥੩੪॥
ਊਪਰ ਤਰੇ ਦਾਵ ਬਹੁ ਕਰੈਂ।
ਧਰਤੀ ਗਰਤ[1] ਭਯੋ ਜਿਤ ਫਿਰੈਂ।
ਇਤ ਉਤ ਹੋਤਿ ਅੰਕ ਭਰਿ ਪਰੈਂ।
ਕਬਿ ਊਪਰਿ ਕਬਿ ਹੋਵਸਿ ਤਰੈ ॥੩੫॥
ਭੇਖ ਭਯਾਨਕ ਭੂਰ ਭਏ ਹੈਂ।
ਮਹਾਂ ਓਜ ਤੇ ਤੇਜ ਤਏ ਹੈਂ[1]।
ਦ੍ਵੈ ਘਟਿਕਾ ਲਗਿ ਆਪਸ ਮਾਂਹੀ।
ਭਿਰਤਿ ਦਾਵ ਨਾਨਾ ਦਿਖਰਾਹੀਂ ॥੩੬॥
ਦੋਨ ਸਮ ਬਲ ਧਾਰਤਿ ਰਹੇ।

[1]ਭਾਵ) ਕਿਸੇ ਦਾ ਪਹਿਲਵਾਨ ਆ ਕੇ ਘੁਲੇ।

[1]ਟੋਆ।

[1]ਤੇਜ ਨਾਲ ਤੱਤੇ ਹੋਏ।

ਨਿਕਟਿ ਬੁਲਾਇ ਗੁਰੂ ਬਚ ਕਹੇ।
'ਅਪਰ ਮੱਲ ਨਹਿਂ ਥਿਰਹਿ ਅਗਾਰੀ।
ਹੇਰਤਿ, ਰਹੇ ਤ੍ਰਾਸ ਕਰਿ ਭਾਰੀ ॥੩੭॥
ਤੁਮ ਸਮ ਹੋ[1], ਕਮ ਬਲ ਨਹਿ ਕੋਊ[2]।
ਦੇਖੇ ਸਭਿਨਿ ਭਿਰਤਿ ਅਬਿ ਦੋਊ।
ਨਿਰਨੇ ਕਰਿ ਨਿਜ ਬਲ ਕੋ ਕਹੀਅਹਿ।
ਕਿਤਿਕ ਧਰਤਿ ਹੈ, ਹਮ ਤਿਸ ਲਹੀਅਹਿ' ॥੩੮॥
ਹਾਥ ਜੋਰਿ ਬੋਲੇ ਤਿਹ ਸਮੈ।
'ਕ੍ਰਿਪਾ ਆਪ ਕੀ ਕੋ ਬਲ ਹਮੈਂ।
ਕੂਰ ਨ ਕਹੈਂ ਸਭਾ ਮਹਿਂ ਅਬੈ।
ਨਿਜ ਬਲ ਸ਼ਕਤਿ ਸੁਨਾਵਤਿ ਸਬੈ ॥੩੯॥
ਤੁਮ ਢਿਗ ਰਾਜੇ ਜੇ ਇਨ ਰਾਜ।
ਸਕਲ ਬਾਹਨੀ ਸਹਤ ਸਮਾਜ।
ਇਨ ਦੋਇਨਿ ਕੇ ਸੈਲ ਉਠਾਇ।
ਨਿਜ ਹਾਥਨਿ ਤੇ ਦੇ ਉਲਟਾਇ ॥੪੦॥
ਗਿਰ ਕਹਿਲੂਰ ਹੰਡੂਰਨਿ ਜੋਇ।
ਦੋ ਹਮ ਕਰੈਂ ਉਚਾਵਨਿ ਦੋਇ[1]।
ਕਹਹੁ ਪਰਸਪਰ ਦੇਹਿਂ ਭਿਰਾਇ।
ਚੂਰਨਿ ਹੋਇ ਪਰਹਿਂ ਧਰ ਜਾਇ ॥੪੧॥
ਹੁਕਮ ਆਪ ਕਰਿਬੇ ਕੀ ਦੇਰਿ।
ਕਹੋ ਕਰਹਿਂ, ਨਹਿਂ ਬਿਲਮਹਿਂ ਫੇਰਿ।
ਕਹਜੋ ਹਮਾਰੋ ਕੂਰ ਨ ਜਾਨਹੁ।
ਲਖਹੁ ਕੂਰ, ਪਤੀਆਵਨ ਠਾਨਹੁ[1]' ॥੪੨॥
ਸੁਨਿ ਤਿਨ ਤੇ ਰਾਜੇ ਉਰ ਡਰੇ।
ਮਹਾਂ ਤ੍ਰਾਸ ਤੇ ਕੰਪਾ ਧਰੇ।
-ਹਮਰੇ ਮਨ ਕੀ ਗੁਰ ਨੇ ਜਾਨੀ।
ਯਾਂ ਤੇ ਇਹ ਲੀਲ੍ਹਾ ਅਬਿ ਠਾਨੀ- ॥੪੩॥
ਕਰਾਮਾਤ ਸਾਹਿਬ ਬਡ ਜਾਨੇ।

[1]ਤੁਸੀਂ (ਦੋਵੇਂ) ਬਰਾਬਰ ਦੇ ਹੋ। [2]ਕੋਈ ਬਲ (ਵਿੱਚ ਕਿਸੇ ਤੋਂ) ਘੱਟ ਨਹੀਂ ਹੈ।

[1]ਅਸੀਂ (ਦੋਵੇਂ ਦੋਵੇਂ) ਪਹਾੜ ਉਠਾਕੇ।

[1]ਅਜ਼ਮਾ ਲਓ।

ਰਾਜ ਹੰਕਾਰ ਆਪਨੋ ਹਾਨੇ।
ਉਠਿ ਦੋਨਹੁ ਤਬਿ ਚਰਨੀ ਧਰੇ।
ਨਿਰ ਹੰਕਾਰ ਬਿਨੈ ਬਹੁ ਕਰੇ ॥੪੪॥
'ਹਮ ਅੱਗਜਾਤ ਰਾਜ ਹੰਕਾਰੀ।
ਬੁੱਧੀ ਭੂਲਨਹਾਰ ਹਮਾਰੀ।
ਬਖਸ਼ ਲੇਹੁ ਪ੍ਰਭੁ ਕਰੁਨਾ ਕਰਿਕੇ।
ਦਾਸ ਆਪਨੇ ਰਿਦੇ ਬਿਚਰਿਕੈ' ॥੪੫॥
ਬਿਕਸੇ ਸਤਿਗੁਰੁ ਪਿਖੇ ਨਰੇਸ਼।
ਕ੍ਰਿਪਾ ਠਾਨਿ ਕੀਨਸਿ ਉਪਦੇਸ਼।
'ਗੁਰ ਘਰ ਸੋਂ ਹੰਕਾਰ ਨ ਕਰੀਅਹਿ।
ਨਹੀਂ ਆਪ ਕੋ ਅਧਿਕ ਬਿਚਰੀਅਹਿ' ॥੪੬॥

ਦੋਹਰਾ:
ਸੁਨਿ ਸਤਿਗੁਰ ਉਪਦੇਸ਼ ਕੋ, ਨੰਮ੍ਰਿ ਤੇਜ ਹੰਕਾਰ[1]।
ਬਿਦਾ ਹੋਇ ਗਮਨੇ ਸਦਨ, ਰਾਜੇ ਜੁਗਮ ਉਦਾਰ ॥੪੭॥

[1] 'ਹੰਕਾਰ ਦੇ ਤੇਜ (ਨੂੰ ਛੱਡ ਕੇ) ਨੀਵੇਂ ਹੋਏ। ਸ਼ੁੱਧ ਪਾਠ ਚਾਹੀਏ 'ਨੰਮ੍ਰੀ, ਤਜ ਹੰਕਾਰ।' ਨੀਵੇਂ ਹੋਏ ਤੇ ਹੰਕਾਰ ਛਡ ਦਿੱਤਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਪਰਬਤੇਸ਼੍ਵਰਨਿ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

੮. [ਭਗਤ ਭਗਵਾਨ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:
ਸੰਨਜਾਸੀ -ਭਗਵਾਨ- ਗਿਰ,
ਬਿਚਰਜੋ ਦੇਸ਼ ਬਿਦੇਸ਼।
ਆਵਤਿ ਭਯੋ ਪੰਜਾਬ ਮਹਿਂ,
ਜਿਸ ਕੇ ਭਾਗ ਵਿਸ਼ੇਸ਼ ॥੧॥
ਚੌਪਈ:
ਜਹਿਂ ਕਹਿਂ ਮਹਿਮਾ ਸਤਿਗੁਰ ਕੇਰੀ।
ਸਭਿਹਿਨਿ ਤੇ ਸੁਨਿ ਸ਼੍ਰੋਨ ਘਨੇਰੀ।
ਮਨ ਅਨੁਰਾਗ ਜਾਗਿਬੇ ਲਾਗਾ।
ਦਰਸ਼ਨ ਚਾਹਤਿ ਭਾ ਵਡਭਾਗਾ ॥੨॥
ਸੰਨਜਾਸੀ ਕੇ ਪੰਥ ਮਝਾਰਾ।
ਧਨ ਕੁਲ ਕੋ ਅਭਿਮਾਨ ਨਿਵਾਰਾ।
ਧਰ ਲਾਲਸ ਦਰਸ਼ਨ ਕੋ ਆਵਾ।
ਰਿਦੇ ਮਨੋਰਥ ਏਵ ਉਠਾਵਾ ॥੩॥
-ਜੇ ਕਰਿ ਪਰਮੇਸ਼ੁਰ ਅਵਤਾਰੂ।
ਅਵਨੀ ਪਰਿ ਠਾਨਤਿ ਬਿਵਹਾਰੂ।
ਤੌ ਮੁਝ ਕੋ ਦਰਸ਼ਨ ਇਮ ਦੇਵੈਂ।
ਰੂਪ ਚਤੁਰ ਭੁਜ ਕੋ ਧਰਿ ਲੇਵੈਂ ॥੪॥
ਮੈਂ ਪੁਨ ਬਨੌਂ ਸਿੱਖ ਇਨ ਕੇਰਾ।
ਜਿਨ ਕੋ ਪਸਰਜੋ ਜਸੁ ਬਹੁਤੇਰਾ-।
ਸਤਿਗੁਰ ਅੰਤਰਜਾਮੀ ਜਾਨਾ।
ਬਨੇ ਚਤੁਰਭੁਜ ਰੂਪ ਸੁਜਾਨਾ ॥੫॥
ਸ਼ਜਾਮਲ ਅਲਸੀ ਕੁਸਮ ਮਨੋ ਹੈ[1]।
ਦ੍ਰਿਗ ਬਿਸਾਲ ਦਲ ਕਮਲ ਬਨੋ ਹੈ।
ਸੰਖ ਗਦਾ ਧਰਿ ਪਦਮ ਚੱਕ੍ਰ ਕੋ।
ਮੁਖ ਮੰਡਲ ਸੁਠ ਭ੍ਰਿਕੁਟਿ ਬੱਕ੍ਰ ਕੋ[1] ॥੬॥
ਪੀਤਾਂਬਰ[1] ਸ਼ੋਭਤਿ ਬਨਮਾਲਾ[2]।
ਕੋ ਕਵਿ ਬਰਨ ਸਕੈ ਦੁਤਿ ਜਾਲਾ।
ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ।
ਮੁਸਕਾਵਤਿ ਮੁਖ ਮੰਦ ਛਬੀਲੇ ॥੭॥

[1]ਅਲਸੀ ਦੇ ਫੁਲ ਵਰਗਾ ਸ਼ਜਾਮ ਰੰਗ (ਧਾਰਿਆ)।
[1]ਟੇਢੇ ਭਰਵੱਟੇ।
[1]ਪੀਲੇ ਬਸਤ੍ਰ। [2]ਬੈਜੰਤੀ ਮਾਲਾ।

ਸਰਿਤਾਪਤਿ ਸੁੰਦਰਤਾ ਸਾਰ[1]।
ਸ਼ੇਸ਼ ਸਾਰਦਾ ਪਾਇੰ ਨ ਪਾਰ।
ਆਇ ਕਰਜੋ ਦਰਸ਼ਨ ਜਬਿ ਐਸੇ।
ਅਨਦ ਨਿਮਗਮ ਨ ਤਨ ਸੁਧਿ ਕੈਸੇ ॥੮॥
ਕਿਤਿਕ ਸਮੇ ਮੈਂ ਜਬਿ ਸੁਧਿ ਪਾਈ।
ਪਰਜੋ ਦੰਡਵਤ ਗੁਰੁ ਅਗੁਵਾਈ।
'ਸ਼ਰਨਿ ਸ਼ਰਨਿ ਰਾਖਹੁ ਦੇ ਹਾਥਿ।
ਮੁਝ ਅਨਾਥ ਕੋ ਕਰਹੁ ਸਨਾਥ ॥੯॥
ਸਿੱਖਜ ਆਪਨੋ ਕੀਜਹਿ ਸ੍ਵਾਮੀ!
ਤੀਨ ਲੋਕਪਤਿ ਅੰਤਰਜਾਮੀ!
ਦੀਨ ਦਜਾਲ ਹੈ ਬਿਰਦ ਤੁਮਾਰਾ।
ਭਵਸਾਗਰ ਤੇ ਲੇਹੁ ਉਧਾਰਾ' ॥੧੦॥
ਬੇਸ ਪਲਟਿ ਗੁਰ ਵਾਕ ਸੁਨਾਯੋ।
'ਹਰਿ ਦਰਸ਼ਨ ਤੁਮ ਇਹ ਠਾਂ ਪਾਯੋ।
ਸਿਰੀਚੰਦ ਗੁਰੁ ਨਾਨਕ ਨੰਦ।
ਤਿਨ ਅਨੁਕੰਪਾ[1] ਕੀਨਿ ਬਿਲੰਦ ॥੧੧॥
ਮਿਹਰ ਚੰਦ ਪਰ ਸੋ ਅਬਿ ਤਹਾਂ।
ਬੇਦੀ ਬੰਸ਼ ਵਿਖੇ ਜਸੁ ਮਹਾਂ।
ਤਿਹ ਕੋ ਮਿਲਹੁ ਸੁ ਪੂਰਹਿ ਆਸਾ[†]।
ਦਰਸਹੁ ਜਾਇ ਧਰਹੁ ਬਿੱਸ੍ਵਾਸਾ ॥੧੨॥
ਇਹ ਠਾਂ ਉਹ ਠਾਂ ਭੇਦ ਨ ਕੋਊ।
ਏਕਹਿ ਰੂਪ ਜਾਨਿਯੇ ਦੋਊ।'
ਤਬਿ ਭਗਵਾਨ ਦੇਹੁਰੇ ਗਯੋ।
ਮਿਹਰਚੰਦ ਪਗ ਪਰਸਤਿ ਭਯੋ ॥੧੩॥
ਮਿਲਿ ਕਰਿ ਭੇਸ ਉਦਾਸੀ ਲੀਨਿ।
ਸੱਤਜਨਾਮ ਕੋ ਮੰਤ੍ਰ ਸੁ ਦੀਨਿ*।
'ਭਗਤ ਭਗਵਾਨ' ਨਾਮ ਤਬਿ ਧਰਜੋ।
ਲੇ ਆਗਜਾ ਪੁਨ ਜਗ ਮੈਂ ਫਿਰਜੋ ॥੧੪॥
ਬਿਚਰਤਿ ਜਿਸੀ ਦੇਸ਼ ਕੋ ਜਾਇ।
ਗੁਰ ਮਾਰਗ ਉਪਦੇਸ਼ ਦ੍ਰਿੜ੍ਹਾਇ।
ਰੁਚਿ ਕਰਿ ਲੋਕ ਮਿਲਹਿਂ ਤਿਸ ਨਾਂਹੀ।

[1]ਸ੍ਰੇਸ਼ਟ ਸੁੰਦਰਤਾ ਦੇ ਸਮੁੰਦਰ ਹਨ।

[1]ਕਿਰਪਾ।

[†]ਦੇਖੋ ਇਸੇ ਅੰਸੂ ਦੇ ਅੰਕ ੨੯ ਦੀ ਨਿਸ਼ਾਨ ਦੀ ਟੂਕ।

ਦੇਖਤਿ ਅਚਰਜ ਹ੍ਵੈ ਮਨ ਮਾਂਹੀ ॥੧੫॥
ਬਹੁਤ ਸਥਨ ਫਿਰ੍ਯੋ ਅਕੁਲਾਯੋ।
ਬਾਬੇ ਮਿਹਰ ਚੰਦ ਢਿਗ ਆਯੋ।
ਜਗਤ ਬ੍ਰਿਤੰਤ ਸੁਨਾਵਨਿ ਕੀਨਿ।
'ਨਹਿਂ ਉਪਦੇਸ਼ ਮੋਹਿ ਕਿਸ ਲੀਨਿ ॥੧੬॥
ਸਤਿਗੁਰ ਕੀ ਮਹਿਮਾ ਕੋ ਜਾਨੈਂ।
ਗੁਰਬਾਣੀ ਪਰ ਨਿਸ਼ਚਾ ਠਾਨੈਂ।'
ਮਿਹਰਚੰਦ ਤਬਿ ਕਹ੍ਯੋ ਸੁਨਾਇ।
'ਭਗਤ ਭਗਵਾਨ ਗਮਹੁਂ ਤਿਸ ਥਾਇਂ ॥੧੭॥
ਜਿਨ ਢਿਗ ਗੁਰਤਾ ਰਹੇ ਪ੍ਰਕਾਸ਼।
ਸੋ ਪੂਰਹਿਂਗੇ ਤੁਮਰੀ ਆਸ।
ਤਖਤ ਹੁਕਮ ਲੇ ਕਾਰਜ ਕੀਜੈ।
ਤਬਿ ਉਪਦੇਸ਼ ਜਗਤ ਕਉ ਦੀਜੈ ॥੧੮॥
ਬਹੁਰੋ ਕਰੈਂ, ਪ੍ਰਤੀਤ ਤੁਮਾਰੀ।
ਨਰ ਮਾਨਹਿਂ ਜਿਮ ਕਰੋ ਉਚਾਰੀ।
ਪ੍ਰਿਥਮ ਪਿਖੀ ਤੈਂ ਮਹਿਮਾ ਭਾਰੀ।
ਕ੍ਯੋਂ ਨਹਿਂ ਸ਼ਰਧਾ ਉਰ ਮਹਿਂ ਧਾਰੀ?' ॥੧੯॥
ਸੁਨਿ ਪੁਨ ਗਮਨ੍ਯੋ ਤਹਿਂ ਭਗਵਾਨ।
ਚਾਹ੍ਯੋ ਸਤਿਗੁਰ ਦਰਸ ਮਹਾਨ।
ਬਹੁਤ ਬਿਸੂਰਤ -ਮੈਂ ਬਡ ਭੂਲਾ।
ਨਹੀਂ ਰਹ੍ਯੋ ਗੁਰ ਕੇ ਅਨੁਕੂਲਾ ॥੨੦॥
ਗੁਰ ਕੇ ਬਚਨ, ਭੇਖ ਮੋਂ ਪਾਇਵ।
ਪੁਨ ਦਰਸ਼ਨ ਕੋ ਨਹੀਂ ਸਿਧਾਇਵ।
ਸਕਲ ਘਟਨਿ ਕੇ ਅੰਤਰਜਾਮੀ।
ਮੋਹਿ ਪਤਿਤ ਕੋ ਜਾਨਸਿ ਖਾਮੀ[1] ॥੨੧॥
ਹਰਿ ਬਨਿ ਦਰਸ਼ਨ ਮੋਹਿ ਦਿਖਾਇਵ।
ਕੋਟਿ ਜਨਮ ਕੇ ਪਾਪ ਮਿਟਾਇਵ।
ਮੈਂ ਨਹਿ ਲਖ੍ਯੋ, ਭਯੋ ਅਪਰਾਧੀ।
ਰਹ੍ਯੋ ਸਮੀਪ ਨ, ਸੇਵ ਨ ਸਾਧੀ ॥੨੨॥

[1]ਕਚਿਆਈ ਜਾਣ ਲਈ ਹੈ।

ਸਤਿਗੁਰ ਨੇ ਮੁਹਿ ਅਪਨੋ ਕੀਨਿ।
ਕਰਜੋ ਸੁ[†] ਦਰਸ਼ਨ ਭਾ ਬੁਧ ਹੀਨ-।
ਅਪਨਿ ਆਪ ਕੋ ਅਧਿਕ ਧਿਕਾਰਤਿ।
ਗੁਰ ਪੂਰਨ ਕੇ ਗੁਨ ਬੀਚਾਰਤਿ ॥੨੩॥
ਉਮਗਜੋ ਪ੍ਰੇਮ ਦ੍ਰਿਗਨਿ ਜਲ ਛਾਵਾ।
ਗਦਗਦ ਗਿਰਾ ਅਧਿਕ ਬਿਕੁਲਾਵਾ।
ਪ੍ਰੇਮ ਬਿਬਸਿ ਹੁਇ ਮਗ ਨਹਿਂ ਬੂਝੈ।
ਜਹਿਂ ਕਹਿਂ ਗੁਰ ਮੂਰਤਿ ਹੀ ਸੂਝੈ ॥੨੪॥
ਕਬਹੁੰ ਊਚੇ ਬੋਲਤਿ ਦੌਰੇ।
ਕਬਹੁੰ ਰੁਦਤਿ ਬੈਠਿ ਬਨਿ ਬੌਰੇ।
ਚਲਜੋ ਨ ਜਾਇ, ਧਿਰਜੋ ਨਹਿਂ ਜਾਈ।
ਮੰਨ ਨ ਰਹੈ, ਨ ਬੋਲਿ ਸਕਾਈ ॥੨੫॥
ਕਬਿ ਘੂੰਮਤਿ ਜਿਮ ਅਮਲੀ ਹੋਇ।
ਸੁਧ ਸ਼ਰੀਰ ਕੀ ਬਿਸਰਜੋ ਸੋਇ।
ਪੰਥ ਨ ਸੁਝੈ ਦ੍ਰਿਗ ਜਲ ਰੁਕਜੋ।
ਮਹਾਂ ਪ੍ਰੇਮ ਤੇ ਇੰਦ੍ਰੈ ਥਕਜੋ ॥੨੬॥
ਇਮ ਬਜਾਕੁਲ ਬਹੁ ਦਿਨ ਮੈਂ ਆਵਾ।
ਜਹਿਂ ਸਤਿਗੁਰ ਕੇ ਥਾਨ ਸੁਹਾਵਾ।
ਪ੍ਰੇਮ ਮਗਨ ਹੁਇ ਦ੍ਵਾਰੇ ਆਇਵ।
ਚਰਨ ਧੂਰਿ ਲੇ ਮਸਤਕ ਲਾਇਵ ॥੨੭॥
ਅੰਤਰ ਜਾਇ ਦਰਸ ਜਬਿ ਪਾਵਾ।
ਭਯੋ ਮੁਕਤਿ, ਸਤਿਗੁਰੂ ਬੁਲਾਵਾ।
'ਆਗੇ ਆਉ ਭਗਤਿ ਭਗਵਾਨ।
ਅਬਿ ਤੌਂ ਦਰਗਹਿ ਭਾ ਪਰਵਾਨ' ॥੨੮॥
ਸੁਨਿ ਗੁਰ ਤੇ ਚਰਨਨਿ ਪਰਿ ਰਹਜੋ।
ਇੰਦ੍ਰੈ ਥਕਤਿ ਜਾਤਿ ਨਹਿਂ ਕਹਜੋ।
ਪੂਰਨ ਪ੍ਰੇਮ ਹੇਰਿ ਕਰਿ ਤਾਸ।
ਦਿਯੋ ਰਿਦੈ ਹਰਿਨਾਮ ਪ੍ਰਕਾਸ਼ ॥੨੯॥[⚐]

[†]ਪਾ:-ਨ।

[⚐]ਇਥੋਂ ਸਿੱਧ ਹੁੰਦਾ ਹੈ ਕਿ ਉਦਾਸੀਨ ਮਤ ਸਿੱਖੀ ਮਾਰਗ ਦੀ ਵਿਰੋਧਤਾ ਵਿਚ ਨਹੀਂ ਸੀ ਚਲਿਆ ਤੇ ਪਲਿਆ। ਸ਼੍ਰੀ ਚੰਦ ਜੀ ਨੇ ਆਪਣੀ ਟੋਪੀ ਬਾਬੇ ਗੁਰਦਿੱਤੇ ਨੂੰ ਦਿੱਤੀ, ਤੇ ਕਿਹਾ ਇਕ ਚੀਜ਼ ਮੇਰੇ ਪਾਸ ਬਾਕੀ ਸੀ, ਸੋ ਮੈਂ ਤੁਹਾਨੂੰ ਦਿੱਤੀ। ਬਾਬਾ ਗੁਰਦਿੱਤਾ

ਜੀ ਉਸ ਤੋਂ ਮਗਰੋਂ ਬੀ ਗੁਰੂ ਸਾਹਿਬ ਜੀ ਪਾਸ ਰਹੇ, ਜੰਗ ਬੀ ਕਰਦੇ ਰਹੇ, ਸ਼ਿਕਾਰ ਬੀ ਜਾਂਦੇ ਰਹੇ। ਭਾਵ ਉਦਾਸੀਨ ਮਤ ਤੇ ਗ੍ਰਿਹਸਤ ਦੋਵੇਂ ਉਨ੍ਹਾਂ ਵਿਚ ਰਹੇ। ਬਾਬਾ ਗੁਰਦਿੱਤਾ ਜੀ ਨੇ ਬਾਲੂ ਹਸਨਾ, ਫੂਲ, ਗੋਂਦਾ, ਅਲਮਸਤ ਚਾਰ ਚੇਲੇ ਬਨਾਕੇ ਵਿਰਕ੍ਤ ਰੱਖਕੇ ਉਪਦੇਸ਼ ਦਾ ਸਿਲਸਿਲਾ ਦੇਸ਼ ਪ੍ਰਦੇਸ਼ ਵਿਚ ਟੋਰਿਆ। ਦੇਖੋ ਸ੍ਰੀ: ਗੁ: ਪ੍ਰ: ਸੂ: ਰਾਸ ੧ ਅੰਸੂ ੬ ਅੰ: ੪੫। ਹੁਣ ਸ੍ਰੀ ਗੁਰੂ ਹਰਿਰਾਇ ਜੀ ਨੇ ਭਗਤ ਭਗਵਾਨ ਨੂੰ ਮਿਹਰ ਚੰਦ ਜੀ (ਲਖਮੀ ਦਾਸ ਜੀ ਦੇ ਪੋਤ੍ਰੇ) ਪਾਸ ਘੱਲ ਕੇ ਭੇਖ ਦਿਵਾਇਆ ਕਿਉਂਕਿ ਉਸਦੀ ਅੰਦਰਲੀ ਰੁਚੀ ਭੇਖ ਲੈਣ ਦੀ ਸੀ, ਜੇ ਇਹ ਸੰਪ੍ਰਦਾ ਵਿਰੋਧੀ ਸੰਪ੍ਰਦਾ ਹੁੰਦੀ ਤਾਂ ਇਹ ਕਦੇ ਨਾ ਹੁੰਦਾ। ਜਦ ਭਗਤ ਭਗਵਾਨ ਪ੍ਰਚਾਰ ਦੇ ਕੰਮ ਵਿਚ ਕਾਮਯਾਬ ਨਹੀਂ ਹੁੰਦਾ ਤਾਂ ਸ੍ਰੀ ਮੇਹਰ ਚੰਦ ਜੀ ਉਸ ਨੂੰ ਉਸ ਬਰਕਤ ਲਈ ਗੁਰੂ ਜੀ ਪਾਸ ਘੱਲਦੇ ਹਨ ਤੇ ਆਖਦੇ ਹਨ ਕਿ 'ਤਖਤ ਤੋਂ ਹੁਕਮ ਲੈ ਕੇ ਕਾਰਜ ਰਾਸ ਕਰੋ।' ਜੇ ਵਿਰੁੱਧ ਹੁੰਦਾ ਤਾਂ ਮਿਹਰ ਚੰਦ ਜੀ ਇਹ ਵਾਕ ਨਾ ਕਹਿੰਦੇ, ਨਾਂ ਸਤਿਗੁਰ ਨੂੰ ਤਖਤ ਦਾ ਮਾਲਕ ਤਸਲੀਮ ਕਰਦੇ। ਸਤਿਗੁਰਾਂ ਨੇ ਹੁਣ ਉਸ ਨੂੰ 'ਨਾਮ ਦਾ ਪ੍ਰਕਾਸ਼' ਦਿੱਤਾ। ਆਤਮ ਬਲ ਬਖ਼ਸ਼ਿਆ, ਭਾਵ ਗੁਰਮੁਖ ਪਦ ਦੇ ਕੇ ਉਸ ਨੂੰ ਸਫਲਤਾ ਬਖਸ਼ੀ ਤੇ ਬਰਕਤ ਬਖਸ਼ੀ ਕਿ ਤੇਰੇ ਉਪਦੇਸ਼ ਵਿਚ ਸਫਲਤਾ ਹੋਵੇਗੀ। ਸੋ ਜੋ ਉਦਾਸੀ ਅਪਣੇ ਮਤ ਨੂੰ ਗੁਰੂ ਘਰ ਤੋਂ ਵਿਰੋਧ ਵਿੱਚ ਬਣਿਆ ਦੱਸਦੇ ਹਨ, ਇਤਿਹਾਸ ਵਿਰੁੱਧ ਤੁਰਦੇ ਹਨ ਤੇ ਜੋ ਸਿੱਖ ਉਨ੍ਹਾਂ ਨੂੰ ਐਸਾ ਦੱਸਦੇ ਹਨ, ਉਹ ਵੀ ਇਤਿਹਾਸ ਦੇ ਉਲਟ ਟੁਰਦੇ ਹਨ। ਉਦਾਸੀ ਮਤ ਤੇ ਗੁਰੂ ਘਰ ਸਦਾ ਮਿਲੇ ਰਹੇ ਹਨ, ਫਰਕ ਕੇਵਲ ਇਹ ਸੀ ਕਿ ਉਨ੍ਹਾਂ ਦੇ ਉਪਦੇਸ਼ਕ ਨਿਰੇ ਤਯਾਗ ਵਿਚ ਰਹਿਕੇ ਉਪਦੇਸ਼ ਕਰਦੇ ਸਨ। ਜਿਵੇਂ ਬੁਧ ਭਿਕਸ਼ੂ ਬੁੱਧਮਤ ਦਾ ਤੇ ਮਾਂਕ (monks) ਈਸਾਈ ਮਤ ਦਾ ਵਿਰਕ੍ਤ ਰਹਿ ਕੇ ਪ੍ਰਚਾਰ ਕਰਦੇ ਸਨ। ਦਸਾਂ ਪਾਤਸ਼ਾਹੀਆਂ ਤਕ ਦੇ ਮਗਰੋਂ ਵੀ ਬਰਾਬਰ ਮੇਲ ਦੇ ਸਬੂਤ ਮਿਲਦੇ ਹਨ, ਦਸਾਂ ਹੀ ਸਤਿਗੁਰਾਂ ਨੂੰ ਉਦਾਸੀ ਮੰਨਦੇ ਚਲੇ ਆਏ ਹਨ। ਉਦਾਸੀਆਂ ਦੇ ਵਿਸ਼ੇਸ਼ ਹਾਲ ਪੰਥ ਪ੍ਰਕਾਸ਼, ਭਾਈ ਗਿਆਨ ਸਿੰਘ ਵਾਲੇ ਵਿਚ ਦਿੱਤੇ ਹਨ।

ਕ੍ਰਿਪਾ ਧਾਰਿ ਨਿਜ ਹਾਥ ਲਗਾਯੋ।
ਸਿਰ ਉਠਾਇ ਕੈ ਬਾਕ ਸੁਨਾਯੋ।
'ਅਬਿ ਤੁਮ ਗਮਨਹੁ ਪੂਰਬ ਦੇਸ਼।

ਮਮ ਬਚ ਤੇ ਤਹਿਂ ਦਿਹੁ ਉਪਦੇਸ਼ ॥੩੦॥
ਸੁਨਤਿ ਬਾਕ ਕੋ ਸਗਰੇ ਧਾਰਹਿਂ।
ਮਿਲਹਿਂ ਜਿ ਤੁਮਹਿਂ ਅਦੇਸ਼ ਉਚਾਰਹਿਂ।'
ਗੁਰ ਆਗਜਾ ਕੋ ਲੇ ਤਬਿ ਗਯੋ।
ਪੂਰਬ ਕੋ ਉਪਦੇਸ਼ਨਿ ਕਯੋ ॥੩੧॥
ਭਯੋ ਪ੍ਰਕਾਸ਼ ਰਿਦੇ ਹਰਿ ਹਰੇ।
ਜੋ ਦੇਖੈ ਸੋ ਚਰਨੀ ਪਰੇ।
ਜਹਾਂ ਠਹਿਰ ਤਰੁ ਕੁਟੀ ਬਨਾਵੈ।
ਧਜਾਨ ਗੁਰ ਹਰਿਰਾਇ ਲਗਾਵੈ ॥੩੨॥
ਏਵ ਭਗਤ ਭਗਵਾਨ ਬਿਸਾਲਾ।
ਕੀਨਸਿ ਪੂਰਬ ਦੇਸ਼ ਨਿਹਾਲਾ।
ਨਰਨਿ ਹਜ਼ਾਰਨਿ ਕੀ ਕੱਲਜਾਨ।
ਕਰਤਿ ਭਯੋ ਦੇ ਨਾਮ ਸੁ ਦਾਨ ॥੩੩॥
ਕਿਸੂ ਦੇਸ਼ ਤੇ ਸੰਗਤਿ ਆਈ।
ਬੰਦਨ ਕਰੀ ਭੇਟ ਅਰਪਾਈ।
ਕੇਤਿਕ ਦਿਨ ਰਹਿ ਬੈਠੇ ਪਾਸ।
ਕਰਤਿ ਭਏ ਪੁਨ ਇਮ ਅਰਦਾਸ ॥੩੪॥
'ਨਾਮ ਧਰੀਕ[1] ਸਿੱਖ ਸਤਿਗੁਰ ਕੇ।
ਕਰਉ ਬਿਨਾਸਨਿ ਸੰਸੇ ਉਰ ਕੇ।
ਪਾਠ ਕਰੈਂ ਹਮ ਨਿਤ ਗੁਰਬਾਨੀ।
ਅਰਥ ਪ੍ਰਮਾਰਥ ਰੀਤਿ[1] ਨ ਜਾਨੀ ॥੩੫॥
ਜੋ ਮਾਰਗ ਗੁਰ ਸ਼ਬਦ ਬਤਾਇਵ।
ਸੋ ਹਮ ਤੇ ਨਹਿਂ ਜਾਇ ਕਮਾਇਵ।
ਪਾਠ ਕਰਨ ਕੋ ਨੇਮ ਨਿਬਾਹੈਂ।
ਪਢੈਂ ਸਦਾ ਬਾਨੀ ਅਵਗਾਹੈਂ ॥੩੬॥
ਕਜਾ ਹੋਵੈ ਗਤਿ ਅੰਤ ਹਮਾਰੀ।
ਇਹ ਸੰਦੇਹ ਨਿਤ ਰਿਦੇ ਮਝਾਰੀ।
ਅਸ ਉੱਤਰ ਬੂਝੈਂ ਅਤਿ ਬਾਢੇ[1]।'
ਕਹਿ ਸਭਿ ਹਾਥ ਜੋਰਿ ਭੇ ਠਾਢੇ ॥੩੭॥

[1]ਨਾਮ ਧਾਰਨ ਵਾਲੇ (ਦੇਖੋ ਪੁ: ਜਨਮ ਸਾਖੀ)।

[1]ਪਰਮਾਰਥ (ਨੂੰ ਦੱਸਣ ਵਾਲੇ ਗੁਰਬਾਣੀ ਦੇ) ਅਰਥਾਂ ਦੀ ਰੀਤ। (ਅ) ਅਰਥ ਦੇ ਭਾਵ ਦੀ ਰੀਤ।

[1]ਪੁੱਛਣ ਦਾ ਬਹੁਤ (ਪ੍ਰੇਮ) ਵਧਿਆ ਹੈ। (ਅ) (ਸੰਸਾ) ਵਧਿਆ ਹੈ।

ਸ਼੍ਰੀ ਹਰਿਰਾਇ ਕਛੂ ਨਹਿਂ ਕਹਜੋ।
ਸਭਿ ਕੇ ਮਨ ਮੈਂ ਸੰਸੈ ਰਹਜੋ।
ਤਿਹ ਛਿਨ ਹੋਇ ਤੁਰੰਗ ਅਸਵਾਰ।
ਗਮਨੇ ਬਾਹਰ ਹੇਤੁ ਸ਼ਿਕਾਰ ॥੩੮॥
ਬਰਖਾ ਹੋਇ ਹਟੀ ਤਿਸ ਕਾਲਾ।
ਸੂਰਜ ਨਿਕਸਜੋ ਦਜੋਤ ਬਿਸਾਲਾ।
ਮਗ ਮਹੁਂ ਹੰਡੀ ਪੁਰਾਤਨ ਹੇਰੀ।
ਤਹਾਂ ਠੀਕਰੀ ਚਮਕ ਘਨੇਰੀ ॥੩੯॥
ਘ੍ਰਿਤ ਬਾਸਨ ਕੀ ਫੂਟੀ ਪਰੀ।
ਖਿਤ ਹੁਇ ਗੁਰੂ ਮੰਗਾਵਨਿ ਕਰੀ।
ਨਿਜ ਕਰ ਮਹਿਂ ਧਰਿ ਬਾਕ ਬਖਾਨਾ।
'ਬਾਨੀ ਪਾਠ ਪ੍ਰਸ਼ਨ ਤੁਮ ਠਾਨਾ ॥੪੦॥
ਤਿਸ ਕੋ ਉੱਤਰ ਲੀਜਹਿ ਸਾਰੇ।
ਜੋ ਗੁਰ ਸ਼ਬਦ ਕਮਾਵਹਿਂ ਪਜਾਰੇ।
ਸੋ ਜਨੁ ਭੁਗਤਿ ਮੁਕਤਿ ਸੁਖ ਪਾਵੈਂ।
ਚਲਹਿਂ ਪੰਥ, ਜੋ ਸ਼ਬਦ ਬਤਾਵੈ ॥੪੧॥
ਪਾਠ ਸੁਧਾਰਨਿ ਜੋ ਨਿਤ ਕਰੇ।
ਨੇਮ ਨਿਬਾਹਨਿ ਮੈਂ ਅਨੁਸਰੇ।
ਪਾਠ ਪ੍ਰਤਾਪ ਕਰੈ ਗਤਿ ਐਸੀ।
ਸੁਨਹੁ ਸ਼੍ਰੋਨ ਹਮ ਭਾਖਹਿਂ ਜੈਸੀ ॥੪੨॥
ਜਿਮ ਠਿਕਰੀ ਬਹੁ ਬਰਖ ਬਿਤਾਈ।
ਲਗੇ ਤੇਜ ਨਿਕਸੀ ਚਿਕਨਾਈ।
ਤਿਮ ਜੇ ਪਠਹਿਂ ਨੇਮ ਗੁਰਬਾਨੀ।
ਅੰਤ ਦੇਤਿ ਕੱਲਜਾਨ ਮਹਾਨੀ ॥੪੩॥
ਰਹੀ ਚਿਕਨਤਾ ਠੀਕਰਿ ਮਾਂਹਿ।
ਤਜੋਂ ਬਾਨੀ ਗੁਨ ਰਹਿ ਮਨ ਤਾਂਹਿ।
ਅੰਤਕਾਲ ਫਲ ਕਰਹਿ ਪ੍ਰਕਾਸ਼ੇ।
ਜਥਾ ਕੁਸਮ ਤਿਲ ਪਾਇ ਸੁ ਬਾਸੇ[1]
॥੪੪॥

[1]ਸੁਗੰਧਿਤ ਹੋ ਜਾਂਦੇ ਹਨ। ਤਿਲਾਂ ਵਿਚ ਜੇ ਹਰ ਰੋਜ਼ ਗੁਲਾਬ ਚੰਬੇਲੀ ਆਦਿ ਫੁੱਲ ਪਾਉਂਦੇ ਰਹੀਏ ਤਾਂ ਕੁਛ ਦਿਨਾਂ ਮਗਰੋਂ ਤਿਲ ਖੁਸ਼ਬੂਦਾਰ ਹੋ ਜਾਂਦੇ ਹਨ, ਉਨ੍ਹਾਂ ਤੋਂ ਕੇਢਿਆ ਤੇਲ ਫੁਲੇਲ ਕਹੀਦਾ ਹੈ, ਜਿਸ ਫੁੱਲ ਦਾ ਤਿਲਾਂ ਨੇ ਸੰਗ ਕੀਤਾ ਹੋਵੇ ਉਸੇ ਦੀ ਖੁਸ਼ਬੂ ਤੇਲ ਵਿਚ ਵਸ ਜਾਂਦੀ ਹੈ।

ਪਾਠਕ ਕੀ ਸਹਾਇਤਾ ਕਰਿਹੀ।

ਅੰਤਕਾਲ ਪੀੜਾ ਪਰਹਰਿਹੀ।'
ਗੁਰ ਮੁਖ ਤੇ ਸਿੱਖਜਨਿ ਸੁਨਿ ਕਰਿ ਕੈ।
ਦਈ ਪ੍ਰਦੱਛਨ ਚਹੁਂ ਦਿਸ਼ਿ ਫਿਰ ਕੈ
॥੪੫॥
ਸਭਿ ਕੇ ਰਿਦੈ ਵਧੀ ਸੁ ਪ੍ਰਤੀਤ।
ਬਾਨੀ ਪਢਿਬੇ ਕੀ ਬਡ ਪ੍ਰੀਤਿ।
ਸਤਿਗੁਰ ਕੇ ਪਗ ਪੰਕਜ ਬੰਦੇ।
ਜਾਨਿ ਆਪਨੇ ਭਾਗ ਬਿਲੰਦੇ ॥੪੬॥
ਗੁਰ ਬਾਨੀ ਜਾਨੀ ਸੁਖ ਕਾਰਨ।
ਗੁਰਬਾਨੀ ਬਹੁ ਪਤਿਤਿ ਉਧਾਰਨ।
ਗੁਰਬਾਨੀ ਪਢਿ ਕਰਿ ਗਤਿ ਲਹੈਂ।
ਜਯੋਂ ਕਯੋਂ ਪਢਨਿ ਸਦਾ ਚਿਤ ਚਹੈਂ
॥੪੭॥
ਅਰਥ ਸਮੁਝਿ, ਕੈ ਸਮੁਝੇ ਬਿਨਾ।
ਬਿਨਾ ਪ੍ਰੇਮ, ਕੈ ਪ੍ਰੇਮ ਸੁ ਘਨਾ।
ਪਠਨਿ ਨੇਮ ਗੁਰਬਾਨੀ ਕਰੈਂ।
ਘਟਿਕਾ, ਜਾਮ ਕਿ ਨਿਸ ਦਿਨ ਰਰੈਂ
॥੪੮॥
ਚਲਿ ਆਏ ਪੁਨ ਖੇਲ ਸ਼ਿਕਾਰੇ।
ਦਖਤਿ ਪਾਲਤਿ ਮ੍ਰਿਗਨਿ ਹਜ਼ਾਰੇ।
ਦੇ ਉਪਦੇਸ਼ ਕਰਤਿ ਕੱਲਜਾਨੇ।
ਪਰਉਪਕਾਰ ਸਦਾ ਗੁਰ ਠਾਨੇ ॥੪੯॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਭਗਤਿ ਭਗਵਾਨ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

੯. [ਸ਼ਾਹਜਹਾਂ ਬੀਮਾਰ ਤੇ ਸ਼ਾਹਜ਼ਾਦੇ ਆਕੀ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਅਬਿ ਤੁਰਕਨ ਕੀ ਬਾਰਤਾ, ਕਛੁਕ ਸੁਨਹੁ ਬੁਧਿਵਾਨ!
ਕਰੇ ਖੋਟ ਸਤਿਗੁਰਨਿ ਸੋਂ, ਯਾਂ ਤੇ ਕਰੌਂ ਬਖਾਨ ॥੧॥
ਬਿਨਾ ਕਹੇ ਸੁ ਪ੍ਰਸੰਗ ਕੋ, ਸੁਨਿਤੇ ਸੰਸੈ ਹੋਇ।
ਯਾਂ ਤੇ ਸੁਨੀਏ ਬਿਤੀ ਜਿਮ, ਗੁਰ ਸੋਂ ਬਾਦਤ[1] ਸੋਇ ॥੨॥
ਸ਼ਾਹੁਜਹਾਂ ਤੁਰਕੇਸ਼ ਕੇ, ਸੁਤ ਉਪਜਤਿ ਭੇ ਚਾਰ।
ਕਰਤਿ ਰਾਜ ਸਭਿ ਦੇਸ਼ ਕੋ, ਬਧ੍ਯੋ ਸਮਾਜ ਉਦਾਰ ॥੩॥

[1]ਝਗੜਦਿਆਂ।

ਚੌਪਈ:

ਚੱਕ੍ਰਵਰਤਿ ਇਮ ਰਾਜ ਭਯੋ ਹੈ।
ਚਾਰ ਚੱਕ ਇਕ ਹੁਕਮ ਥਿਯੋ ਹੈ।
ਜਹਿਂ ਤਹਿਂ ਦੇਸ਼ਨਿ ਬਿਖੇ ਅਸ਼ੇਸ਼।
ਦੋਹੀ ਸੁਨਿਤੇ ਤ੍ਰਾਸ ਵਿਸ਼ੇਖ਼ ॥੪॥
ਜਿਤੇ ਨ੍ਰਿਪਤਿ ਸਭਿ ਆਗਜਾ ਕਾਰੀ।
ਹਾਥ ਜੋਰਿ ਹੁਇਂ ਖਰੇ ਅਗਾਰੀ।
ਰਜਪੂਤਨਿ ਤਨੁਜਾ ਕੇ ਡੋਰੇ।
ਸੁਨਿ ਸੁੰਦਰ ਲੇਵਤਿ ਕਰਿ ਜੋਰੇ[1] ॥੫॥
ਹਿੰਦਾਵਇਨਿ ਕੋ ਮਹਾਂ ਕਲੰਕ।
ਜਥਾ ਅੰਕ ਲਾਗ੍ਯੋ ਸੁ ਮਯੰਕ।
ਜਿਨ ਤੇ ਭਯੋ ਉਪਾਇ ਨ ਕੋਏ।
ਧੀਰ ਸੂਰਤਾ ਛੋਰਿ ਖਲੋਏ ॥੬॥
ਤੁਰਕ ਅਧੀਨ ਹੋਇ ਕਰਿ ਸਾਰੇ।
ਆਇਂ ਛਿੱਪ੍ਰ, ਜਬਿ ਲੇਤਿ ਹਕਾਰੇ।
ਜਹਾਂ ਪਠਾਵਹਿਂ ਤਹਿਂ ਚਲਿ ਜਾਂਹੀ।
ਸ਼ਕਤਿ ਹੀਨ ਹੁਇ ਰਹਿਂ ਅਗਵਾਹੀ ॥੭॥

[1]ਬਲ ਨਾਲ।

ਕਿਸ ਪਰ ਕਿਮ ਜੇ ਰਿਸ ਹੁਇ ਜਾਏ।
ਬਿਕਟ ਮੁਹਿੰਮ ਪਠਹਿ ਮਰਿਵਾਏ[1]।
ਤਨਕ ਹੁਕਮ ਜੋ ਮੋਰਨਿ ਕਰਿਹੀ।
ਲਰਹਿਂ, ਕਰਹਿਂ ਅਪਨੇ ਅਨੁਸਰਹੀ ॥੮॥

[1]ਕਰੜੀ ਮੁਹਿੰਮ ਭੇਜਕੇ ਮਰਵਾ ਦਿੰਦੇ ਸੀ।

ਪੋਸ਼ਿਸ਼ ਜ਼ਹਿਰ ਅਜ਼ਾਹਰ[1] ਲਾਇ।
ਰਿਸ ਕਰਿ ਕਿਸ ਕਹੁ ਦੇਂ ਪਹਿਰਾਇ।
ਕਰਹਿਂ ਸੰਘਾਰ, ਨ ਜੀਵਤਿ ਛੋਰਹਿਂ।
ਹੁਇ ਮਵਾਸ ਚੜ੍ਹ ਤਿਸ ਕੋ ਤੋਰਹਿਂ ॥੯॥

[1]ਗੁਝੀ ਵਿਹ।

ਸੈਨਾ ਕੋਸ਼ ਦੁਰਗ ਬਡ ਭਾਰੇ।
ਜਿਨ ਕੋ ਪੱਯਤਿ ਨਹੀਂ ਸ਼ੁਮਾਰੇ।
ਸਭਿ ਦੇਸ਼ਨਿ ਕੋ ਦਰਬ ਬਿਸਾਲਾ।
ਦਿੱਲੀ ਆਨਿ ਭਰਹਿਂ ਨਰ ਹਾਲਾ[1] ॥੧੦॥

[1]ਮਾਮਲਾ।

ਬੀਰ ਸ਼ਸਤ੍ਰ ਧਾਰੀ ਮਹਿਪਾਲਾ।
ਜੇ ਰਜਪੂਤ ਕਹਾਇਂ ਬਿਸਾਲਾ।
ਤਿਨ ਕੀ ਭਈ ਦਸ਼ਾ ਜਬਿ ਐਸੇ।
ਸੁਤਾ ਦੇਨਿ ਲੌਂ ਬਰਨੀ ਜੈਸੇ ॥੧੧॥
ਅਪਰ ਹਿੰਦੁਵਨਿ ਕੀ ਕਜਾ ਗਿਨਤੀ।
ਤੁਰਕਨਿ ਅੱਗ੍ਰ ਕਰਹਿਂ ਸਭਿ ਬਿਨਤੀ।
ਛੀਨ ਧਰਮ ਦਿਨ ਪ੍ਰਤਿ ਬਡ ਹੋਵਾ।
ਸਮੁਖ ਦੁਸ਼ਟ ਕੇ ਕੋ ਨ ਖਰੋਵਾ ॥੧੨॥
ਰਾਜ ਕਰਜੋ ਚਿਰ ਕਾਲ ਬਿਸਾਲਾ।
ਬਲੀ ਭਯੋ, ਪੂਰਬ ਤਪ ਘਾਲਾ।
ਜੇਠੋ ਨੰਦਨ ਦਾਰਸ਼ਕੋਹਾ।
ਸ਼ਾਹੁਜਹਾਂ ਕੋ ਤਿਹ ਸੰਗ ਮੋਹਾ ॥੧੩॥
ਜਾਨਜੋ ਨੇਕ ਨਿਕਟਿ ਸੋ ਰਾਖਾ।
-ਤਖਤ ਬਿਠਾਵੋਂ ਇਸ- ਅਭਿਲਾਖਾ।
ਵਲੀਅਹਿਦ[1] ਕੀਨਿਸ ਤਿਸ ਤਾਈਂ।
ਸ਼ੁਭ ਗੁਨ ਪੂਰਨ ਉਚਿਤ ਬਡਾਈ ॥੧੪॥

[1]ਯੁਵਰਾਜ।

ਦੁਤਿਯ ਪੁੱਤ੍ਰ ਤਿਸ ਤੇ ਲਘੁ ਜਾਨਾ।
ਨਾਮ ਮੁਹੰਮਦ ਸ਼ੁਜਹ[1] ਬਖਾਨਾ।

[1]ਸ਼ਜਅ ਮੁਹੰਮਦ।

ਤਿਸ ਕੋ ਦੇਸ਼ ਅਸ਼ੇਸ਼[1] ਬੰਗਾਲਾ।
ਦੀਨਿ ਪਠਾਇ ਕੀਨਿ ਮਹਿਪਾਲਾ ॥੧੫॥
ਪੁੱਤ੍ਰ ਤੀਸਰੋ ਹੁਤੋ ਨੁਰੰਗਾ।
ਦੁਰਮਤਿ ਲਖਹਿ ਸ਼ਾਹੁ ਮਨ ਭੰਗਾ[1]।
ਤਿਸ ਕੋ ਦੀਨਸਿ ਦੱਖਣ ਦੇਸ਼।
ਤਹਾਂ ਪਹੁੰਚਿ ਕਰਿ ਬਨ੍ਯੋ ਨਰੇਸ਼ ॥੧੬॥
ਚਤੁਰਥ ਸ਼ਾਹੁਜਹਾਂ ਕੋ ਢੋਟਾ[1]।
ਨਾਮ ਮੁਰਾਦਬਖ਼ਸ਼ ਸੋ ਛੋਟਾ।
ਦਿਯੋ ਦੇਸ਼ ਇਸ ਕੋ ਗੁਜਰਾਤ।
ਕੀਨਸਿ ਰਾਜ ਤਹਾਂ ਬੱਖ੍ਯਾਤ ॥੧੭॥
ਅਪਨੇ ਅਪਨੇ ਜਾਇ ਟਿਕਾਨੇ।
ਕਰੇ ਭੋਗ ਜੈਸੇ ਮਨ ਭਾਨੇ।
ਕਿਤੇ ਬਰਖ ਬੀਤੇ ਇਸ ਰੀਤਿ।
ਸੈਨ ਦਰਬ ਕਹੁ ਸੰਚਤਿ ਨੀਤਿ ॥੧੮॥
ਤਖਤ ਬੈਠਿਬੇ ਸਰਬ ਲੁਭਾਵੈਂ।
ਨਿਜ ਸਥਾਨ ਥਿਤ ਦਾਵ ਤਕਾਵੈਂ।
ਯਾਂ ਤੇ ਫਿਕਰ ਕਰਤਿ ਰਹਿਂ ਭਾਰੀ।
ਸੰਚਹਿਂ ਦਰਬ ਚਮੂੰ ਕਰਿ ਤਜਾਰੀ ॥੧੯॥
ਨਿਜ ਨਿਜ ਦੇਸ਼ ਅਵਾਸਨਿ[1] ਬਾਸੇ।
ਮਨ ਭਾਵਤਿ ਸਭਿ ਕਰਤਿ ਬਿਲਾਸੇ।
ਸ਼ਾਹੁਜਹਾਂ ਰਹਿ ਦਿੱਲੀ ਮਾਂਹਿ।
ਦਾਰਸ਼ਕੋਹ ਰਖ੍ਯੋ ਸੁਤ ਪਾਹਿ ॥੨੦॥
ਚਿਰੰਕਾਲ ਜਬਿ ਬੀਤ ਗਯੋ ਹੈ।
ਸ਼ਾਹਜਹਾਂ ਤਨ ਰੋਗ ਭਯੋ ਹੈ।
ਦਿਨ ਪ੍ਰਤਿ ਪ੍ਰਬਲ ਬਧੀ ਬੀਮਾਰੀ।
ਜੋ ਕਿਸਹੂੰ ਤੇ ਜਾਇ ਨ ਟਾਰੀ ॥੨੧॥
ਸੂਬੇ ਅਰੁ ਉਮਰਾਉ ਬਡੇਰੇ।
ਰੋਕੇ ਸਕਲ ਹੋਤਿ ਨਹਿਂ ਨੇਰੇ।
ਜੇ ਸਮੀਪ ਨਿਤ ਆਵਤਿ ਜਾਤਿ।
ਸਭਿ ਕੋ ਬਰਜ੍ਯੋ ਰਹਤਿ ਇਕਾਂਤ

[1]ਸਾਰਾ।
[1]ਖੋਟੀ ਬੁੱਧੀ ਵਾਲਾ ਜਾਣਕੇ ਸ਼ਾਹ ਦਾ ਮਨ ਢਹਿ ਗਿਆ।
[1]ਪੁੱਤਰ।
[1]ਘਰਾਂ ਵਿਚ।

॥੨੨॥
ਬਜਾਕੁਲ ਕੀਨਸਿ ਰੋਗ ਮਹਾਂਨੇ।
ਕਛੁ ਨ ਆਛੋ ਮਨ ਮਹਿਂ ਮਾਨੇ।
ਬਡੇ ਪੁੱਤ੍ਰ ਇਕ ਪਹੁੰਚੈ ਤਾਸ।
ਕੈ ਹਕੀਮ ਦੇ ਔਖਧਿ ਰਾਸ ॥੨੩॥
ਵਹਿਰ ਬਾਤ ਪਸਰੀ ਬਿਪਰੀਤਿ।
'ਸ਼ਾਹੁ ਜਿਯਨਿ ਮਹਿਂ ਸੰਸੈ ਚੀਤਿ।
ਘਨੇ ਦਿਵਸ ਦੇਖਯੋ ਨਹਿਂ ਕਾਹੀਂ[1]। [1]ਕਿਸੇ ਨੇ।
ਯਾਂ ਤੇ ਲਖੀਯਤਿ ਜੀਵਤਿ ਨਾਂਹੀ ॥੨੪॥
ਕਰਯੋ ਛੁਪਾਵਨ ਪੁੱਤ੍ਰ ਬਡੇਰੇ।
ਬੰਦ ਬਸਤੁ ਕਰਿ ਕੈ ਸਭਿ ਕੇਰੇ।'
ਕਰਤਿ ਦਲੀਲ ਅਨੇਕ ਪ੍ਰਕਾਰਾ।
ਲੋਕਨਿ ਬਿਖੇ ਰੌਰ ਪ੍ਰਸਤਾਰਾ ॥੨੫॥
ਦੇਸ਼ ਦੇਸ਼ ਮਹਿਂ ਸੁਧ ਬਿਸਤਰੀ।
-ਮਰਯੋ ਸ਼ਾਹੁ, ਪਰ ਤੂਸ਼ਨਿ ਕਰੀ[1]-। [1]ਕਿ ਪਾਤਸ਼ਾਹ ਮਰ ਗਿਆ ਹੈ ਪਰ ਚੁਪ ਕਰ ਰਹੇ ਹਨ; ਭਾਵ ਖ਼ਬਰ ਲੁਕਾ ਲਈ ਨੇ।
ਸੁਨਿ ਕਰਿ ਚੋਰ ਧਾਰਵੀ ਬਲੀ।
ਲੂਟਨਿ ਲਗੇ ਦੇਸ਼ ਬਿਧਿ ਭਲੀ ॥੨੬॥
ਨਿਬਲਨਿ ਕੋ ਬਲਵਾਨ ਬਡੇਰੇ।
ਹਤਹਿਂ ਪ੍ਰਾਨ ਲੇ ਦਰਬ ਘਨੇਰੇ।
ਮਚਯੋ ਫਤੂਰ ਦੂਰ ਅਰੁ ਨੇਰੇ।
ਨਾਸ਼ ਹੋਨਿ ਲਗਿ[1] ਦੇਸ਼ ਚੁਫੇਰੇ ॥੨੭॥ [1]ਹੋਣ ਲਗੇ।
ਦਾਰਸ਼ਕੋਹੁ ਤਬੈ ਇਮ ਜਾਨਾ।
ਕਬਜ਼ਾ ਕਰਨਿ ਆਪਨੋ ਠਾਨਾ।
ਜੋ ਖਤ ਪੱਤ੍ਰ ਵਹਿਰ ਕੇ ਆਵੈਂ।
ਆਪ ਸੁ ਲੈਬੇ ਲਗਯੋ ਪੜ੍ਹਾਵੈ ॥੨੮॥
ਸਮੁਝਹਿ ਸੁਨਹਿ, ਹੁਕਮ ਕੋ ਦੇਤਿ।
ਕਿਸਹੂੰ ਗਹੈ ਕੈਦ ਕਰਿ ਲੇਤਿ।
ਕੇਤਿਕ ਕੋ ਕਰਤੋ ਬਖ਼ਸ਼ੀਸ਼।
ਆਇ ਵਕੀਲ ਨਿਵਾਵਹਿਂ ਸੀਸ ॥੨੯॥
ਕਾਰ ਗੁਜ਼ਾਰ[1] ਹੋਤਿ ਭਾ ਸੋਈ। [1]ਕੰਮ ਚਲਾਵਣ ਵਾਲਾ।
ਤਿਸੇ ਸਲਾਮ ਸਭਿਨਿ ਕੋ ਹੋਈ।

ਸ਼ਾਹੁਜਹਾਂ ਕੇ ਬਿਨਾ ਬਿਲੋਕੇ।
ਨਿਕਟਿ ਜਾਨਿ ਕੋ ਜਬਿ ਕੇ ਰੋਕੇ ॥੩੦॥
ਨਹੀਂ ਯਕੀਨ ਲੋਕ ਉਰ ਲਹੈਂ।
-ਸ਼ਾਹੁਜਹਾਂ ਜੀਵਤਿ ਅਬਿ ਅਹੈ।
ਜ਼ਿੰਦਾ ਹੀ ਮੁਰਦਾ ਭਯੋ- ਜਾਨੈ।
-ਘਰ ਅੰਤਰ ਹੈ- ਕਹੀ ਨ ਮਾਨੈ[1] ॥੩੧॥
ਯਾਂ ਤੇ ਪਰਜੋ ਦੇਸ਼ ਮੈਂ ਰੋਰਾ।
ਸੂਬੇ ਸਭਿ ਆਕੀ ਨਿਜ ਠੌਰਾ।
ਛੀਨਿ ਛੀਨਿ ਧਨ, ਧੁਜਨੀ[1] ਰਾਖੀ।
-ਕਰਹਿਂ ਜੰਗ- ਇਮ ਭੇ ਅਭਿਲਾਖੀ ॥੩੨॥
ਪੰਥ ਚਲਨ ਤੇ ਨਰ ਹਟਿ ਰਹੇ।
ਲੇਤਿ ਖਸੋਟਿ ਫਿਰਤਿ ਜੇ ਲਹੇ।
ਇਸ ਪ੍ਰਕਾਰ ਜਬਿ ਭਾ ਅੰਧਕਾਰਾ।
ਕੋ ਨਹਿਂ ਸੁਨਿ ਹੈ ਕਿਨਹੂ ਪੁਕਾਰਾ ॥੩੩॥
ਸਭਿ ਦੇਸ਼ਨਿ ਮੈਂ ਗਯੋ ਪ੍ਰਸੰਗ।
ਸੁਨਤਿ ਸ਼ਜ਼ਾਦੇ ਭਏ ਨਿਸ਼ੰਗ।
ਹੁਤੋ ਮੁਰਾਦ ਬਖ਼ਸ਼ ਜੋ ਤਾਤ।
ਤਿਸ ਕਾਇਮ ਕੀਨਸਿ ਗੁਜਰਾਤ ॥੩੪॥
ਕਾਰ ਦਾਰ, ਬੇਗਮ ਕੋ ਤਹਾਂ।
ਗਹਿ ਲੀਨਸਿ ਛੀਨਸਿ ਧਨ ਮਹਾਂ।
ਕਹਿ ਕਰਿ ਅਧਿਕ ਮਾਰ ਕਰਿਵਾਈ।
ਗਾਡਜੋ ਕਾਢਿ ਦਿਯੋ ਅਗੁਵਾਈ[1] ॥੩੫॥
ਬੇ ਤਕਸੀਰ ਜੁ ਅਪਨਿ ਦਿਵਾਨ।
ਤਿਸ ਕੋ ਹਤਜੋ ਪ੍ਰਾਨ ਕਰਿ ਹਾਨ।
ਨਿਜ ਕਬਜ਼ੇ ਮਹਿਂ ਸਭਿ ਕੁਛ ਕਰਜੋ।
ਨਿਕਟਿ ਨਿਕਟਿ ਜੋ ਦੇਸ਼ ਨਿਹਰਜੋ ॥੩੬॥
ਲੂਟਿ ਸਰਬ ਕੋ ਗਰਦ ਮਿਲਾਯੋ।
ਲਸ਼ਕਰ ਲਰਿਬੇ ਹੇਤੁ ਬਨਾਯੋ।

[1] ਇਹ (ਕਹਿਣਾ) ਕਿ 'ਘਰ ਅੰਦਰ ਹੈ' ਨਹੀਂ ਮੰਨਦੇ।
[1] ਸੈਨਾ।
[1] ਗਡਿਆ ਹੋਇਆ (ਧਨ) ਅਗੇ ਕੱਢ ਦਿਤਾ।

ਤੋਪ ਤੁਪਕ ਬਾਰੂਦ ਸੁ ਗੋਰੇ।
ਸ਼ਸਤ੍ਰ ਬੰਦ[1] ਬਹੁ ਦੀਨਸਿ ਘੋਰੇ ॥੩੭॥

[1]ਆਪਣੇ) ਸਿਪਾਹੀਆਂ ਨੂੰ [ਫਾ: ਸ਼ਸਤ੍ਰ ਬੰਦ ਹਥਿਆਰ ਬੰਨ੍ਹਣੇ ਵਾਲਾ]

ਨਿਜ ਸੁਭਟਨਿ ਬਖਸ਼ੀਸ ਕਰੀ ਹੈ।
ਕੰਕਨ[1] ਜਿਗਾ ਜਰਾਵ ਜਰੀ ਹੈ।

[1]ਕੜੇ।

ਜਬਿ ਇਹ ਗਾਢੋ ਭਯੋ ਬਿਸਾਲੇ[1]।

[1]ਬਲੀ ਹੋਇਆ ਬੜਾ।

ਇਮ ਸੁਨਿ ਕੈ ਜੈ ਹੁਤੋ ਬੰਗਾਲੇ ॥੩੮॥
ਤਿਸੀ ਰੀਤਿ ਤਿਸ ਨੇ ਤਹਿਂ ਕੀਨੋ।
ਨਿਕਟਿ ਜੁ ਦੇਸ਼ ਛੀਨ ਕਰਿ ਲੀਨੋ।
ਧਨ ਦਿਲੇਸ਼ ਕੋ ਹੁਤੋ ਜੁ ਨੇਰੇ।
ਲੀਨਿ ਖਸੋਟ ਪਾਇ ਕਰਿ ਘੇਰੇ ॥੩੯॥
ਬੰਦੁਬਸਤ ਕਰਿ ਲੇ ਧਨੁ ਰਾਸੀ।
ਪਟਨੇ ਹੁਇ ਪੁਨ ਆਵਾ ਕਾਸ਼ੀ।
ਕਬਜ਼ਾ ਅਪਨ ਕਰਜੋ ਤਹਿਂ ਸਾਰੇ।
ਆਨ ਜੁ ਮਿਲੇ ਤਿਨਹਿ ਸਤਿਕਾਰੇ ॥੪੦॥
ਸ਼ਸਤ੍ਰ ਸੁਭਟ ਘੋਰਾ ਗਜ ਭਾਰੇ।
ਦੇ ਕਰਿ ਦਰਬ ਸਰਬ ਸ਼ਿੰਗਾਰੇ।
ਜ਼ੋਰ ਸ਼ੋਰ ਅਪਨੋ ਦਿਖਰਾਯੋ।
ਕਾਸ਼ੀ ਲਗਿ ਸਭਿ ਰਾਜ ਦਬਾਯੋ ॥੪੧॥
ਹਰਖ ਮੁਹੰਮਦ ਸ਼ੁਜਾ ਬਿਲੰਦ।
ਸੈਨ ਸਕੇਲਨਿ ਕੀਨਸਿ ਬ੍ਰਿੰਦ।
ਅਪਰ ਦੇਸ਼ ਮਹਿਂ ਰੌਰਾ ਮਹਾਂ।
ਲੂਟਹਿਂ ਬਲੀ ਨ੍ਰਿਬਲ ਜਹਿਂ ਕਹਾਂ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਤੁਰਕੇਸ਼ਰ' ਪ੍ਰਸੰਗ ਬਰਨਨੰ ਨਾਮ ਨਵਮੋਂ ਅੰਸੂ ॥੯॥

੧੦. [ਸੁਜ਼ਅ ਮੁਹੰਮਦ ਤੇ ਚੜ੍ਹਾਈ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਪਰਜੋ ਰੌਰ ਸਭਿ ਠੌਰ ਮਹਿਂ, ਮਗ ਅਟਕੇ ਚਹੁੰ ਓਰ।
ਨਰ ਨਾਰੀ ਮਹਿਂ ਤ੍ਰਾਸ ਭਾ, ਜਥਾ ਪੋਤ ਜਲ ਘੋਰ[1] ॥੧॥

[1]ਜਿਵੇਂ ਭਿਆਨਕ ਜਲ ਵਿਚ ਜਹਾਜ਼ ਹੁੰਦਾ ਹੈ।

ਚੌਪਈ:

ਦਾਰਸ਼ਕੋਹ ਸੁਨੀ ਸੁਧਿ ਸਾਰੀ।
ਸ਼ਾਹੁਜਹਾਂ ਕੇ ਤੀਰ ਉਚਾਰੀ।
'ਗਰਦਸ਼[1] ਕੀਨਸਿ ਦੇਸ਼ ਅਸ਼ੇਸ਼।
ਗ੍ਰਾਮ ਨਗਰ ਭੇ ਦੁਖੀ ਵਿਸ਼ੇਸ਼ ॥੨॥

[1]ਹਿਲ ਜੁਲ। ਰੌਲਾ। [ਫਾ: ਗਰਦਸ਼ = ਚੱਕਰ; ਘੁਮਾਉ]

ਸ਼ਹਜ਼ਾਦਨਿ ਬਡ ਧੂਮ ਮਚਾਈ।
ਸਰਕਸ਼[1] ਹੁਇ ਆਫਾਤ[2] ਉਠਾਈ।
ਨਿਕਸਹੁ ਵਹਿਰ ਕਰਹੁ ਕੁਛ ਗਮਨ।
ਇਤ ਉਤ ਦੇਖਤਿ ਹ੍ਵੈ ਹੈਂ ਦਮਨ[1] ॥੩॥

[1]ਆਕੀ। [2]ਬਿਪਤਾ।

[1]ਦਬ ਜਾਣਗੇ।

ਨਾਂਹਿ ਤ ਲਸ਼ਕਰ ਪਰੇ ਪਠਾਵਹਿਂ।
ਬੰਧਹਿ ਜ਼ਾਲਮਨਿ, ਹਤਹਿਂ, ਪਲਾਵਹਿਂ[1]।

[1]ਨਹੀਂ ਤਾਂ ਸਾਨੂੰ ਲਸ਼ਕਰ ਘਲਣਾ, ਜ਼ਾਲਮਾਂ ਨੂੰ ਬੰਨ੍ਹਣਾ ਮਾਰਨਾ ਤੇ ਨਸਾਉਣਾ ਪਏਗਾ। [ਪਰੇ = ਪੜੇਗਾ, ਪਵੇਗਾ] (ਅ) ਨਹੀਂ ਤਾਂ (ਓਹ ਸ਼ਹਜ਼ਾਦੇ) ਲਸ਼ਕਰ ਦੇ ਟੋਲੇ ਘੱਲਣਗੇ। (ਪਰਜਾ ਨੂੰ) ਬੰਨ੍ਹ ਲੈਣਗੇ, ਜ਼ੁਲਮ ਕਰਨਗੇ, ਮਾਰਨਗੇ ਤੇ ਭਜਾ ਦੇਣਗੇ। [ਪਰੇ = ਪਰ੍ਹੇ = ਟੋਲੇ]

ਆਫਤਾਬ ਸਮ ਉਦੇ ਨ ਹੋਵਹਿਂ[1]।
ਸੁਖ ਪ੍ਰਕਾਸ਼ ਕਹੁ ਕਿਮ ਜਗ ਜੋਵਹਿ? ॥੪॥

[1]ਆਪ) ਸੂਰਜ ਵਾਂਙੂ ਚੜ੍ਹਦੇ ਨਹੀਂ ਭਾਵ ਦਰਸ਼ਨ ਨਹੀਂ ਦੇਂਦੇ ਹੋ।

ਚੋਰ, ਉਲੂਕ ਸ਼੍ਰਿੰਗਾਲ[1] ਅੰਧੇਰਾ।
ਦਬਕਹਿਂ ਦੁਸ਼ਟ ਦੇਖਿ ਇਕ ਬੇਰਾ।'
ਸ਼ਾਹੁਜਹਾਂ ਸੁਨਿ ਕੈ ਸੁਤ ਬਾਤਿ।
ਭਯੋ ਲਚਾਰ, ਮੌਨ ਪਛੁਤਾਤਿ ॥੫॥

[1]ਗਿੱਦੜ।

ਤਨ ਮਹਿਂ ਰੁਜ, ਉਤ ਰਾਜ ਬਿਨਾਸ਼ੇ।
ਦੋਨਹੁੰ ਕਠਨ ਪਰੀ ਗਰ ਫਾਸੇ।
ਸਲਿਤਾ ਸੋਚ ਬਿਖੈ ਮਨ ਬਹਿਉ।
ਨਹਿਂ ਅਲੰਬ ਥਿਰਤਾ ਕਿਤ ਲਹਿਊ

॥ ੬ ॥
ਸੁਖ ਦੁਖ ਸਦਾ ਰਹੈਂ ਸਭਿ ਸਾਥ।
ਕਹਾਂ ਰੰਕ ਅਰੁ ਅਵਿਨਿ ਨਾਥਿ।
ਗਿਨਤੀ ਠਾਨਤਿ ਰਾਤਿ ਬਿਤਾਈ।
ਹਠ ਤੇ ਨਿਜ ਤਜਾਰੀ ਕਰਿਵਾਈ ॥ ੭ ॥
ਸ਼੍ਰੀ ਜਮਨਾ ਜਲ ਮਹਿਂ ਕਲ ਤਰਨੀ।
ਦਿਢ ਸੁੰਦਰ ਚਿੱਤ੍ਰਤਿ ਬਹੁ ਬਰਨੀ।
ਤਿਸ ਪਰ ਜਾਇ ਪ੍ਰਯੰਕ ਟਿਕਾਵਾ।
ਘਟਾ ਟੋਪ ਊਪਰ ਕਰਿ ਛਾਵਾ ॥ ੮ ॥
ਸਨੇ ਸਨੇ ਤਿਹ ਛੋਰਿ ਚਲਾਵਾ।
ਤੀਰ ਤੀਰ ਬਡਿ ਕਟਕ ਸਿਧਾਵਾ।
ਜਹਾਂ ਅਕਬਰਾਬਾਦ ਸਥਾਨ।
ਜਾਇ ਪਹੂੰਚੇ ਕਰਤਿ ਪਯਾਨ ॥ ੯ ॥
ਕਰਜੋ ਨਿਵੇਸ ਅਸ਼ੇਸ਼ ਸ ਸੈਨਾ।
ਖਾਨ ਪਾਨ ਕਰਿ ਸੁਪਤੇ ਰੈਨਾ।
ਸਭਿ ਰਜਪੂਤ ਭੂਪ ਚਲਿ ਆਏ।
ਲਾਖਹੁਂ ਧੁਜਨੀ ਭੀ ਇਕ ਥਾਏਂ ॥ ੧੦ ॥
ਤੋਪ, ਜੰਬੂਰੇ, ਬ੍ਰਿੰਦ ਜੰਜੈਲ।
ਛੁਟਤਿ ਬਿਦਾਰਹਿਂ ਜੇ ਬਡ ਸੈਲ।
ਤਹਿਂ ਭੀ ਨਹਿਂ ਯਕੀਨ ਨਰ ਕਰੈਂ।
ਸ਼ਾਹੁ ਜਹਾਂ ਕੋ ਨਹੀਂ ਨਿਹਰੈਂ ॥ ੧੧ ॥
-ਕਰਜੋ ਦਿਖਾਵਾ ਨਵਕਾ ਮਾਂਹਿ।
ਮਰਜੋ ਸ਼ਾਹ ਜੀਵਤਿ ਹੁਇ ਨਾਂਹਿ-।
ਦੇਖਾ ਦੇਖੀ ਨ੍ਰਿਪ ਉਮਰਾਵ।
ਥਿਰੇ ਸਾਥ ਸਭਿ ਤਿਸ ਹੀ ਥਾਵ ॥ ੧੨ ॥
ਪੁਨ ਜਸੂਸ ਸੁਧ ਦੇਸ਼ਨਿ ਲਜਾਏ।
'ਮੁਹੰਮਦਸ਼ੁਜਾ ਪ੍ਰਾਚਿ ਦਿਸ਼ਿ ਰਾਏ।
ਬੰਗਾਲਾ ਜੁਤਿ ਦੇਸ਼ ਘਨੇਰੇ।
ਕਬਜ਼ਾ ਕਰਿ ਦਿਢਿ ਭਯੋ ਬਡੇਰੇ ॥ ੧੩ ॥
ਪਟਨੇ ਤੇ ਕਾਸ਼ੀ ਚਲਿ ਆਯੋ।
ਲਸ਼ਕਰ ਜੰਗੀ ਸੰਗ ਸੁਹਾਯੋ।
ਜੰਗ ਅਰਾਦਾ ਕਰਤਿ ਬਿਲੰਦ।

ਛੀਨ ਲੀਨਿ ਧਨ ਕੀਨਸਿ ਬ੍ਰਿੰਦ' ॥੧੪॥
ਦਾਰਸ਼ਕੋਹ ਸੁਨਤਿ ਰਿਸ ਭਰਯੋ।
ਨਿਜ ਮਸਲਤਿ ਕਰਿ ਮਸਲਤ ਢਰਯੋ[1]।
ਜੈ ਸਿੰਘ ਭੂਪ ਹੁਤੋ ਕਛਵਾਹਾ।
ਤਿਹ ਬੁਲਾਇ ਸਾਦਰ ਬਚ ਪ੍ਰਾਹਾ ॥੧੫॥
'ਲਸ਼ਕਰ ਲਿਹੁ ਤਮਾਮ ਪਤਿਸ਼ਾਹੀ।
ਤੋਪ ਜੰਬੂਰਨਿ ਜੇਤਿਕ ਚਾਹੀ।
ਫੀਲ ਤੁਰੰਗ ਸੰਗ ਨਿਜ ਲੈ ਕੈ।
ਮੋਹਿ ਪੁੱਤ੍ਰ ਲਿਹੁ ਸਾਥ ਮਿਲੈ ਕੈ ॥੧੬॥
ਜਾਹੁ ਮੁਹੰਮਦਸ਼ੁਜਾ ਸਮੀਪ।
ਬਰਜਹੁ ਤਿਹ ਫਤੂਰ, ਅਵਨੀਪ[1] !
ਜੈ ਸਿੰਘ ਜੈ ਕਰਤਾ ਰਣ ਭਾਰੀ।
ਇਸ ਕਾਰਨ ਤੇ ਪਠਯੋ ਬਿਚਾਰੀ' ॥੧੭॥
ਇਮ ਸੁਨਿ ਚਢਯੋ ਬਜਾਇ ਨਗਾਰਾ।
ਲਸ਼ਕਰ ਚਲਯੋ ਸੰਗ ਜਿਸ ਭਾਰਾ।
ਗੋਰੇ ਬਹੁ ਬਰੂਦ ਲੇ ਸਾਥ।
ਗਮਨ ਕੀਓ ਜੈ ਸਿੰਘ ਨਰ ਨਾਥ ॥੧੮॥
ਮਾਰਗ ਸ਼ੀਘ੍ਰ ਉਲੰਘਿ ਕਰਿ ਗਏ।
ਰਣ ਮੁਕਾਬਲੇ ਲਸ਼ਕਰ ਭਏ।
ਨਹਿਂ ਸੁਚੇਤ ਹੁਇ ਜੰਗ ਮਝਾਰੇ।
ਗ਼ਾਫਲ, ਗਰਵ ਗਰਬ ਕਹੁ ਧਾਰੇ ॥੧੯॥
ਕਾਸ਼ੀ ਨਿਕਟਿ ਬਹਾਦਰ ਪੁਰਾ।
ਤਹਾਂ ਮੁਹੰਮਦ ਸ਼ੁਜਾ ਉਤਰਾ।
ਤਬਿ ਜਸੂਸ ਸੁਧ ਹੇਤ ਪਠਾਏ।
ਆਇ ਤਿਨਹੁਂ ਅਸ ਘਾਤ ਬਤਾਏ ॥੨੦॥
'ਸੁਪਤਿ ਪਰਯੋ ਅਬਿ ਨਹੀਂ ਸੁਚੇਤ।'
ਜੈ ਸਿੰਘ ਚਢਯੋ ਜੁੱਧ ਕੇ ਹੇਤੁ।
ਜਾਇ ਪਰਯੋ ਡੇਰੇ ਪਰ ਭਾਰੋ।
ਤੋਪ ਤੁਪਕ ਤੀਰਨਿ ਤਰਵਾਰੋ ॥੨੧॥
ਭਯੋ ਜੁੱਧ ਘਮਸਾਨ ਘਨੇਰਾ।

[1]ਸਲਾਹੀਆਂ ਨਾਲ ਆਪ ਸਲਾਹ ਕਰਨੇ ਲਗਾ।

[1]ਤਿਸਨੂੰ ਫਤੂਰ ਕਰਨ ਤੋਂ ਵਰਜੇ ਹੇ ਰਾਜਾ !

ਕਟੇ ਬੀਰ ਸ਼੍ਰੋਣਿਤ ਛਿਤ ਗੇਰਾ।
ਗਜ ਬਾਜੀ ਬਹੁ ਤਰਫਤਿ ਗਿਰੇ।
ਚਟਪਟ ਸੁਭਟ ਸੁ ਕਟਿ ਕਟਿ ਮਰੇ ॥੨੨॥
ਹਲਾਹਲੀ ਬਡ ਰੌਰ ਮਚਾਵਾ।
ਸੁਨਤਿ ਸ਼ਾਹੁ ਫਰਜ਼ੰਦ ਡਰਾਵਾ।
ਚੜ੍ਹਿ ਤਰਨੀ[1] ਪਰ ਚਲ੍ਯੋ ਪਲਾਈ।
ਨਹੀਂ ਸੰਭਾਰ੍ਯੋ ਕਰੀ ਲਰਾਈ[1] ॥੨੩॥
ਸ਼ਹਿਰ ਮੁੰਗੇਰ ਪਹੂਚ੍ਯੋ ਜਾਇ।
ਡੇਰਾ ਲੁਟਤਿ ਭਯੋ ਸਮੁਦਾਇ।
ਅਧਿਕ ਤ੍ਰਾਸ ਪਾਯੋ ਮਨ ਮਾਂਹੀ।
ਤਹਿਂ ਭੀ ਠਹਿਰ ਸਕ੍ਯੋ ਸੋ ਨਾਂਹੀ ॥੨੪॥
ਗਯੋ ਬੰਗਾਲੇ ਕੀ ਦਿਸ਼ਿ ਦੌਰਿ।
ਜਾਇ ਸੰਭਾਰੀ ਪੂਰਬ ਠੌਰ।
ਤਹਾਂ ਜਾਇ ਕੀਨਸਿ ਤਕਰਾਈ।
ਸਭਿ ਸੈਨਾ ਪੁਨ ਭਲੇ ਬਨਾਈ ॥੨੫॥
ਪਟਣਾ ਨਗਰ ਮੁੰਗੇਰ ਮਹਾਨਾ।
ਜੈਸਿੰਘ ਤਹਾਂ ਬਿਠਾਯੋ ਥਾਨਾ[1]।
ਸਰਬ ਨਰਨਿ ਕੋ ਧੀਰਜ ਦੀਨਾ।
ਬਿਜੈ ਲੀਨਿ ਕਾਰਜ ਸਭਿ ਕੀਨਾ ॥੨੬॥
ਸ਼ੁਜਾਮੁਹੰਮਦ ਕੇ ਉਮਰਾਵ।
ਗਹੇ ਕਿਤਿਕ ਨਹਿਂ ਭਾਜਨਿ ਪਾਵ।
ਤਿਨਹੁ ਸਮੇਤ ਫਤੇ ਕੀ ਬਾਤ।
ਲਿਖਿ ਭੇਜੀ ਜੈਸਿੰਘ ਬੱਖਜਾਤ ॥੨੭॥
ਤੂਰਨਗਾਮੀ[1] ਦਏ ਪਠਾਇ।
ਪਹੁੰਚਤਿ ਭਏ ਸ਼ਾਹੁ ਜਿਸ ਥਾਇਂ।
ਸੁਨਤਿ ਫਤੇ ਸੁਧਿ ਦਾਰਸ਼ਕੋਹੁ।
ਅਧਿਕ ਪ੍ਰਸੰਨ ਰਿਦੇ ਮਹਿਂ ਹੋਹੁ ॥੨੮॥
ਜੋ ਪਕਰੇ ਸੋ ਨਿਕਟਿ ਬੁਲਾਇ।
ਤਿਨ ਕੋ ਹਾਸ ਕਰਤਿ ਬਿਗਸਾਇ।
'ਕਹਾਂ ਮੁਹੰਮਦਸ਼ੁਜਾ ਤੁਮਾਰਾ।
ਭਾਜਿ ਗਯੋ ਪਟ ਲਾਜ ਉਤਾਰਾ ॥੨੯॥

[1]ਬੇੜੀ।
[1]ਲੜਾਈ ਕਰਨ ਲਈ ਨਾ ਸੰਭਲਿਆ।
[1]ਚੌਕੀ।
[1]ਛੇਤੀ ਤੁਰਨ ਵਾਲੇ ਭਾਵ ਹਲਕਾਰੇ।

ਜਿਸ ਐਸੇ ਕੇ ਤੁਮ ਉਮਰਾਵ।
ਭਈ ਦਸ਼ਾ ਡਰ ਪ੍ਰਾਨ ਬਚਾਵ।
ਅਬਿ ਤੁਮ ਜਾਹੁ ਬੰਗਾਲੇ ਫੇਰ।
ਦੇਹੁ ਮੁਮਾਰਖ ਜੀਵਤਿ ਹੇਰਿ[1] ॥੩੦॥ [1]ਦੇਖਕੇ।
ਪੁਨਹਿ ਨ ਕਰਹੁ ਕਾਮ ਕਬਿ ਐਸੇ।
ਪਾਉਂ ਕੁਹਾਰੀ ਮਾਰਨ ਜੈਸੇ।'
ਅਸ ਕਹਿ ਤਿਨ[†] ਕਉ ਦੀਨਸਿ ਛੋਰਿ। [†]ਪਾ:-ਤਿਸ।
ਗਮਨੇ ਤੁਰਤ ਬੰਗਾਲੇ ਓਰ ॥੩੧॥
ਜਾਇ ਤਾਂਹਿ ਕੋ ਖ਼ਬਰ ਬਤਾਈ।
'ਇਮ ਭਾਖਤਿ ਤੇਰੋ ਬਡ ਭਾਈ।
-ਕਰਜੋ ਕੁਕਾਜ ਨਿਲਾਜ ਬਿਸਾਲੇ।
ਇਮ ਪੁਨ ਨਹੀਂ ਕਰਹੁ ਕਿਸ ਕਾਲੇ-'
॥੩੨॥
ਪੁਨਹਿ ਪਠਾਯੋ ਲਿਖਿ ਪਰਵਾਨਾ।
'ਜੈ ਸਿੰਘ ! ਸਮੁਖ ਰਹੋ ਤਿਸ ਥਾਨਾ।
ਬੰਦੁਬਸਤ ਇਸ ਦੇਸ਼ਨਿ ਕਰਹੁ।
ਉਤਰਹੁ ਤਹਾਂ ਕਾਲ ਕੁਛ ਥਿਰਹੁ'
॥੩੩॥
ਇਸ ਪ੍ਰਕਾਰ ਕਰਿ ਕੈ ਤਿਸ ਦੇਸ਼।
ਹੋਤਿ ਭਯੋ ਸੁ ਪ੍ਰਸੰਗ ਅਸ਼ੇਸ਼।
ਰਹਜੋ ਅਕਬਰਾਬਾਦ ਮਝਾਰ।
ਆਗੇ ਅਪਰ ਸੁਨਹੁਂ ਬਿਸਥਾਰ ॥੩੪॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਦਾਰਾ ਸ਼ਕੋਹ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

੧੧. [ਮੁਰਾਦਬਖਸ਼ ਨਾਲ ਜੰਗ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਦੱਖਣ ਅਰੁ ਗੁਜਰਾਤ ਹਿਤ, ਕਰਿ ਬਿਚਾਰ
ਮਨ ਮਾਹਿ।
ਹੁਤੋ ਜੋਧਪੁਰ ਕੋ ਨ੍ਰਿਪਤਿ, ਤਿਸ ਬੁਲਾਇ
ਕਰਿ ਪਾਹਿ ॥੧॥

ਚੌਪਈ:

ਸਾਦਰ ਕਹ੍ਯੋ ਦੇਖਿ ਸ਼ੁਭ ਨੈਨ।
'ਭੋ ਜਸਵੰਤ ਸਿੰਘ! ਸੁਨਿ ਬੈਨ।
ਕਰਹੁ ਕਾਜ ਗੁਜਰਾਤ ਸਿਧਾਰਹੁ।
ਜੋ ਅਨੁਸਾਰਿ ਨ ਹੋਇ ਸੰਘਾਰਹੁ ॥੨॥
ਜੋਧਾ ਮਹਾਂ ਬਲੀ ਤੂੰ ਅਹੈਂ।
ਰਜਪੂਤਨਿ ਮੈਂ ਬਿਦਤ੍ਯੋ ਰਹੈਂ।
ਦੱਖਨ ਦਿਸ਼ ਤੇ ਕਰਿ ਤਕਰਾਈ।
ਰੋਕਹੁ ਸੈਨ ਜਿ ਨੌਰੰਗ ਆਈ ॥੩॥
ਜੇ ਨੌਰੰਗ ਰਹਿ ਅਪਨੇ ਦੇਸ਼।
ਜਾਹੁ ਮੁਰਾਦਬਖਸ਼ ਕੇ ਪੇਸ਼[1]।
ਤਿਸ ਕੋ ਲਰਿ ਕੈ ਦੇਹੁ ਨਿਕਾਸਿ।
ਕੈ ਗਹਿ ਲਜਾਵਹੁ ਹਮਰੇ ਪਾਸ' ॥੪॥
ਇਮ ਕਹਿ ਬਹੁਤ ਕਰੀ ਬਖਸ਼ੀਸ਼।
ਹਰਖਤਿ ਹੁਇ ਕਰਿ ਦਿੱਲੀ ਈਸ਼[1]।
ਗਜ ਅਰ ਤੁਰੰਗ ਦਰਬ ਕੋ ਦੀਨਿ।
ਜਰੇ ਜਵਾਹਰ ਕੰਚਨ ਭੀਨ ॥੫॥
ਮਹਾਂਰਾਜ ਕੋ ਕੀਨਿ ਖ਼ਿਤਾਬ।
ਲਿਏ ਭੂਪ ਤਬਿ ਸਾਥ ਅਦਾਬ।
ਅਪਨੋ ਕਾਸਮ ਖਾਂ ਉਮਰਾਵ।
ਦੀਯੋ ਸੰਗ ਕਰਿ ਲਰਨਿ ਬਨਾਵ ॥੬॥
ਤੋਪ, ਤੁਪਕ, ਜੰਬੂਰ, ਜੰਜੈਲ।
ਚਲੈਂ ਸੰਗ ਕੁੰਚਰ ਜਨੁ ਸੈਲ।
ਮਹਾਂ ਬਾਹਨੀ ਓਰੜ ਚਲੀ।
ਮਨਹੁਂ ਲੋਹ ਘਟ ਬਡ ਕਲਮਲੀ[1] ॥੭॥

[1]ਸਾਮ੍ਹਣੇ।

[1]ਦਿੱਲੀ ਦੇ ਮਾਲਕ ਨੇ।

[1]ਮਾਨੋਂ ਕਾਲੀਆਂ ਘਟਾਂ ਬੜੀਆਂ ਕਾਹਲੀਆਂ ਹੋਈਆਂ।

ਪ੍ਰਥਮ ਮਾਲਵੇ ਮਹਿਂ ਚਲਿ ਗਏ।
ਦੁਰਗ ਉਜੈਨ ਆਇ ਦਿਢ ਕਏ।
ਪੁਨਹਿ ਨਰਬਦਾ ਕੋ ਦਰੀਆਉ।
ਬੰਦੁਬਸਤ ਕੋ ਕੀਨਿ ਬਨਾਉ ॥੮॥
ਮਾਰਗ ਘਾਟ ਰੋਕਿਬੋ ਕੀਨੇ।
ਬ੍ਰਿੰਦ ਸੈਨ ਕਹੁ ਡੇਰਾ ਦੀਨੇ।
ਕਾਸਮ ਖਾਂ ਤਿਸ ਹੀ ਥਲ ਛੋਰਾ।
ਚਲ੍ਯੋ ਮੁਰਾਦ ਬਖਸ਼ ਕੀ ਓਰਾ ॥੯॥
ਬੀਜਾਪੁਰ ਮਹਿਂ ਆਦਲ ਖਾਨ।
ਹੁਤੋ ਮਵਾਸਿ ਦੁਰਗ ਬਡ ਥਾਨ।
ਨਿਕਸਿ ਮਿਲ੍ਯੋ ਸਾਹਸ[1] ਕੋ ਛੋਰਿ।
ਦੀਏ ਰਜਤਪਣ ਆਨਿ ਅਕੋਰ[1] ॥੧੦॥

[1]ਸੂਰਮੱਤਣ। (ਅ) ਹਠ।
[1]ਖ਼ਿਰਾਜ ਦੇ।

ਦੋਹਰਾ:
ਜਸਵੰਤ ਸਿੰਘ ਪਤਿ ਜੋਧਪੁਰਿ, ਰਿਦੇ ਬਿਖੇ ਹਰਖਾਇ।
ਲਿਖਿ ਕੈ ਖ਼ਤ ਪਠਵਨਿ ਕਰ੍ਯੋ, ਸ਼ਾਹਜਹਾਂ ਜਿਸ ਥਾਇਂ ॥੧੧॥

ਚੌਪਈ:
ਸੁਨਿ ਕੈ ਸੁਧਿ ਸਗਰੀ ਬਿਗਸਾਈ[†]।
ਸ਼ਾਹਿਜਹਾਂ ਤਬਿ ਇਮ ਠਹਿਰਾਈ।
-ਇਹਾਂ ਆਗਰੇ ਨਗਰ ਮਝਾਰੇ।
ਹਵਾ ਮਾਫਕਤਿ ਨਹੀਂ ਹਮਾਰੇ ॥੧੨॥
ਯਾਂ ਤੇ ਦਿੱਲੀ ਚਲਿਬੋ ਬਨਿ ਹੈ।
ਬਧਤਿ ਜਾਤਿ ਬੀਮਾਰੀ ਤਨ ਹੈ-।
ਦਾਰਸ਼ਕੋਹ ਫਰੇਬਨਿ ਭਨਿ ਕੈ।
ਕਰੇ ਟਿਕਾਵਨ ਕੇਤਿਕ ਦਿਨ ਕੈ ॥੧੩॥
ਪੁਨਹਿ ਦਯੋਸ ਇਕ ਕੀਨਸਿ ਤਜਾਰੀ।
ਗਮਨ੍ਯੋ ਰਜਧਾਨੀ ਨਿਜ ਪਜਾਰੀ।
ਸਨੇ ਸਨੇ ਜਮੁਨਾ ਜਲ ਮਾਂਹੂ।
ਨਵਕਾ ਪਰ ਚੜ੍ਹਿ ਕਰਿ ਨਰਨਾਹੂ ॥੧੪॥
ਸਨੇ ਸਨੇ ਗਮਨੇ ਦਿਨ ਤੀਨ।
ਕਿਤਿਕ ਕੋਸ ਪਰ ਡੇਰਾ ਕੀਨਿ।

[†]ਪਾ:-ਬਹੁ।

ਇਤਨੇ ਮਹਿਂ ਸੁਧਿ ਪਹੁੰਚੀ ਆਇ।
'ਲਰਯੋ ਮੁਰਾਦਬਖ਼ਸ਼ ਬਲ ਪਾਇ ॥੧੫॥
ਜਸਵੰਤ ਸਿੰਘ ਭਾਜ ਕਰਿ ਗਯੋ।
ਸਿਵਰ ਲੂਟਿਬੋ ਤਿਸ ਨੇ ਕਿਯੋ।'
ਦਾਰਸ਼ਕੋਹ ਸੁਨੀ ਜਬਿ ਕਾਨ।
ਛੁਟਿ ਕਮਾਨ ਜਨੁ ਲਾਗਯੋ ਬਾਨ ॥੧੬॥
ਪੁਨ ਬੂਝਯੋ ਹਲਕਾਰਨਿ ਸਾਥ।
'ਕਿਮ ਕਿਯ[1] ਜੰਗ ਜੋਧਪੁਰਿ ਨਾਥ? [1]ਕੀਤਾ।
ਕਿਤ ਪਲਾਇ ਕੈ ਗਮਨਯੋ ਸੋਊ?
ਕਹਾਂ ਸ਼ਜ਼ਾਦੇ ਹੈਂ ਅਬਿ ਦੋਊ?' ॥੧੭॥
ਸੁਨਤਿ ਚਾਰ ਨੇ[1] ਸਕਲ ਸੁਨਾਈ। [1]ਦੂਤ ਨੇ।
ਜਿਸ ਪ੍ਰਕਾਰ ਤਹਿਂ ਪਰੀ ਲਰਾਈ।
'ਦੋਨੋ ਦਲ ਮੁਕਾਬਲੇ ਹੋਏ।
ਬਰਖਤਿ ਲੋਹ ਮਨਹੁ ਘਨ ਦੋਏ ॥੧੮॥
ਤੋਪਨ ਕੀ ਪੰਕਤਿ ਕਰਿ ਠਾਂਢੀ।
ਗੋਰਨਿ ਮਾਰ ਕਰੀ ਦਲ ਗਾਢੀ।
ਤੁਪਕ, ਤੀਰ, ਤੋਮਰ, ਤਰਵਾਰੈਂ।
ਤਕਿ ਤਕਿ ਤਨ ਬੀਰਨ ਸੰਘਾਰੈਂ ॥੧੯॥
ਹਲਾਹਲੀ ਬੋਲਤਿ ਲਲਕਾਰਹਿਂ।
ਸਮੁਖ ਸ਼ਸਤ੍ਰ ਖਾਵਹਿਂ ਅਰ ਮਾਰਹਿਂ।
ਕਿਤਿਕ ਕਾਲ ਕੀ[†] ਭਈ ਲਰਾਈ। [†]ਪਾ:-ਬਿਸਰਾਈ।
ਜਸਵੰਤ ਪਰਯੋ ਰਿਪੁਨਿ ਪਰ ਧਾਈ ॥੨੦॥
ਖੈਂਚਿ ਮਜਾਨ ਤੇ ਤੀਖ ਸਰੋਹੀ[1]। [1]ਤਲਵਾਰ।
ਰੁੰਡ ਮੁੰਡ ਕੀਨੇ ਨਿਜ ਦ੍ਰੋਹੀ।
ਜਿਤ ਜਿਤ ਧਾਵਹਿ ਹੇਲਾ ਮੇਲਾ[1]। [1]ਹੱਲਾ ਪਾ ਕੇ।
ਲਸ਼ਕਰ ਲਰਿਤੋ ਅਧਿਕ ਧਕੇਲਾ ॥੨੧॥
ਗਿਰੇ ਤੁਰੰਗ ਬੀਰ ਰਣ ਮਾਰੇ।
ਮੁਗ਼ਲਖਾਨ ਜਯੋਂ ਪਰੇ ਮੁਨਾਰੇ।
ਕੜਾ ਕੜੀ ਕਰਵਾਰਨਿ ਮਾਚੀ।
ਸ਼੍ਰੋਣਤ ਬਹਯੋ ਧੁਲਿ ਛਿਤਿ ਰਾਚੀ ॥੨੨॥
ਫੌਜ ਮੁਰਾਦਬਖਸ਼ ਕੀ ਸਾਰੀ।

ਕਰੀ ਪਲਾਵਨਿ ਰਣ ਇਕ ਬਾਰੀ।
ਫਿਰੇ ਹੋਇ ਕਾਇਰ ਬਡ ਬੀਰਾ।
ਲਰਤਿ ਲਰਾਈ ਧਰਹਿਂ ਨ ਧੀਰਾ ॥੨੩॥
ਲਖਜੋ ਮੁਰਾਦਬਖਸ਼ ਇਮ ਜੰਗ।
ਗਿਰੇ ਅਨੇਕ ਕਟੇ ਜਿਨ ਅੰਗ।
ਦਿਸ਼ ਤੋਪਨਿ ਕੀ ਪਹੁੰਚਜੋ ਜਾਇ।
ਸਾਹਸ[1] ਧਾਰਿ ਜੁੱਧ ਮਹਿਂ ਆਇ ॥੨੪॥ [1]ਬਲ। ਹੌਸਲਾ।
ਸਭਿ ਰਜਪੂਤ ਰੁ ਸੈਨ ਤੁਮਾਰੀ।
ਲੂਟਤਿ ਮਾਰਤਿ ਜਾਤਿ ਅਗਾਰੀ।
ਤੋਪੈਂ ਕਰੀ ਬਰੋਬਰ ਸਬੈ।
ਅਨਿਕ ਘਾਤਨੀ[1] ਛੋਰੀ ਤਬੈ ॥੨੫॥ [1]ਬਹੁਤਿਆਂ ਨੂੰ ਮਾਰਨ ਵਾਲੀ ਭਾਵ ਤੋਪ।
ਦੁਹੁ ਦਿਸ਼ਿ ਤੇ ਤੋਪੈਂ ਧਮਕਾਈਂ।
ਅਵਨੀ ਰਨ ਕੀ ਸਰਬ ਹਿਲਾਈ।
ਮਹਾਂ ਸ਼ਬਦ ਜਨੁ ਨਭ ਪਟਿ ਗਿਰਾ[1]। [1]ਮਾਨੋ ਅਕਾਸ਼ ਪਾਟ ਕੇ ਡਿਗਿਆ ਹੈ।
ਕੈ ਕਜਾਮਤਿ ਕੋ ਦਿਨ ਤਬਿ ਕਰਾ ॥੨੬॥
ਬਧੇ ਜਾਤਿ ਰਜਪੂਤ ਸੁ ਜੇਤੇ।
ਗੋਰੇ ਲਗੇ ਉਡੇ ਸਭਿ ਤੇਤੇ।
ਜੇ ਅਭੀਤ ਜੋਧਾ ਤਿਸ ਥਾਇਂ।
ਭਏ ਘਾਤਿ ਨਹਿਂ ਦੇਖਨਿ ਪਾਇਂ ॥੨੭॥
ਤਿਨਹੁ ਸੰਘਾਰਿ ਭਏ ਪਸ਼ਚਾਤੀ।
ਧਰਧਰਾਤਿ[1] ਕਾਤੁਰ ਨਰ ਛਾਤੀ। [1]ਧੜਕਨ ਲਗ ਪਈ।
ਮਰੇ ਜੰਗ ਤੇ ਪਰਹਿ ਨ ਰੋਕੇ।
ਭਾਜਤਿ ਲਾਜ ਤਜੀ ਅਵਿਲੋਕੇ[1] ॥੨੮॥ [1]ਲੱਜਾ ਤਜਕੇ ਭੱਜਦੇ ਦੇਖੇ।
ਜਸਵੰਤ ਕਰਤਿ ਜਤਨ ਗਾ ਹਾਰਿ।
ਭਜੇ ਸੋ ਨ ਹਟੇ ਤਿਸ ਬਾਰਿ।
ਦੇਖਿ ਬਾਹਨੀ ਕੇਰਿ ਹਵਾਲ।
ਨਿਜ ਜੀਵਨ ਮਹਿਂ ਤ੍ਰਾਸ ਬਿਸਾਲ ॥੨੯॥
ਧੀਰਜ ਤਜਾਗਿ ਪਲਾਯਨਿ ਹੋਵਾ।
ਜਸਵੰਤ ਰਨ ਮਹਿਂ ਨਹੀਂ ਖਲੋਵਾ।
ਕਿਯੋ ਮੁਰਾਦਬਖਸ਼ ਤਬਿ ਹੇਲਾ।

-ਮਾਰਹੁ ਧਰਹੁ- ਰੌਰ ਬਹੁ ਮੇਲਾ ॥੩੦॥
ਸਿਵਰ ਬਿਖੈ ਭੀ ਥਿਰ ਨਹਿਂ ਰਹ੍ਯੋ।
ਪਾਛੇ ਆਵਤਿ ਹੇਲਾ ਲਹ੍ਯੋ।
ਕਟਤਿ ਜਾਤਿ ਜੇ ਰਹਿਤ ਪਿਛਾਰੀ।
ਪਾਇ ਨ ਜਮੇ ਜਤਨ ਕਿਯ ਭਾਰੀ ॥੩੧॥
ਰਜਪੂਤਨਿ ਜਬਿ ਡੇਰਾ ਛੂਟ੍ਯੋ।
ਆਨਿ ਮੁਰਾਦਬਖ਼ਸ਼ ਸਭਿ ਲੂਟ੍ਯੋ।
ਰਹ੍ਯੋ ਠਹਿਰ, ਨਹਿਂ ਗਯੋ ਅਗਾਰੀ।
ਉਤਰਿ ਪਰ੍ਯੋ ਤਹਿਂ ਹਰਖ੍ਯੋ ਭਾਰੀ ॥੩੨॥
ਫਤੇ ਹੋਨਿ ਕਹੁ ਦਿਯੋ ਨਗਾਰਾ।
ਸ਼ਲਖੈਂ ਕਰਿਵਾਇਵ ਬਹੁ ਬਾਰਾ।
ਸੁਭਟਨਿ ਕਹੁ ਦੀਨਸਿ ਬਖਸ਼ੀਸ਼।
ਪੇਸ਼ ਖੁਦਾਇ ਨਿਵਾਇਵ ਸੀਸ ॥੩੩॥
ਇਹ ਸਭਿ ਸੁਨਿ ਕੈ ਨੌਰੰਗ ਧਾਇਵ।
ਇਤ ਆਵਨ ਕਹੁ ਕੂਚ ਕਰਾਇਵ।
ਚਮੂੰ ਜ਼ੋਰ ਬਹੁ ਤੋਪਨਿ ਤ੍ਯਾਰੀ।
ਸਰਬ ਸਮਾਜ ਕੀਨਿ ਜਿਨਿ ਭਾਰੀ ॥੩੪॥
ਲੇਹਾ ਦੇਹ[1] ਸ਼ੀਘ੍ਰ ਹੀ ਆਵਤਿ।
[1]ਲੈ ਦੇ ਕਰਦਾ ਹੋਇਆ।
ਕਰਿ ਬਖਸ਼ੀਸ਼ਨਿ ਸੁਭਟ ਬਧਾਵਤਿ।
ਕੇਤਿਕ ਦਿਨ ਮੈਂ ਪਹੁੰਚ੍ਯੋ ਜਾਨਹੁ।
ਰਾਵਰਿ ਕਰਹੁ ਜੀਅ ਜਿਮ ਠਾਨਹੁ' ॥੩੫॥
ਸੁਧਿ ਸੁਨਿ ਦਾਰਸ਼ਕੋਹ ਸਚਿੰਤਾ।
ਪਦਰ ਸਮੀਪ ਬਖਾਨਿ ਬ੍ਰਿਤੰਤਾ।
ਨੌਰੰਗ ਦਿਸ਼ਿ ਤੇ ਤ੍ਰਾਸ ਮਹਾਨੇ।
ਸੁਤ ਪਿਤ ਚਿਤ ਮਹਿਂ ਨਿਤ ਅਤਿ ਠਾਨੇ[1] ॥੩੬॥
[1]ਬਹੁਤਾ (ਡਰ) ਰੱਖਦੇ ਹਨ।
'ਸੋ ਅਬਿ ਹਾਦਰ ਬਿਦਤੈ ਹੋਵਾ[1]।
[1]ਉਹ ਤਾਂ ਨੇੜੇ ਆਇਆ ਹੀ ਦਿੱਸਦਾ ਹੈ।
ਤਿਹ ਮੇਟੈਂ ਕਿਮ, ਜਤਨ ਨ ਜੋਵਾ।

ਡੇਰਾ ਹਟਹਿ ਆਗਰੇ ਹੋਹਿ।'
ਇਮ ਠਹਿਰਾਇਵ ਦਾਰਸ਼ਕੋਹੁ ॥੩੭॥
ਸ਼ਾਹਜਹਾਂ ਕੇ ਮਨ ਨਹਿਂ ਭਾਈ।
ਤਊ ਪੁੱਤ੍ਰ ਹਿਤ ਕਹਿ ਨ ਸਕਾਈ।
ਹਟੇ ਅਕਬਰਾਬਾਦ ਨਗਰ ਕੋ।
ਤੋਪਾਦਿਕ ਲੇ ਚਮੂੰ ਸਗਰ ਕੋ ॥੩੮॥
ਤੀਨ ਦਿਵਸ ਮਹਿਂ ਪੁਨਿ ਚਲਿ ਆਏ।
ਟਿਕੇ ਆਗਰੇ ਸਿਵਰ ਲਗਾਏ।
ਮੌਜੂਦਾਤਿ[1] ਲੀਨਿ ਸਭਿਹਿਨਿ ਕੀ।
ਕਰਿ ਬਖਸ਼ੀਸ਼ ਜਰਾਉ ਸੁ ਧਨ ਕੀ ॥੩੯॥

[1]ਹਾਜ਼ਰੀ।

ਜਿਸ ਪਹਿ ਜੋ ਨਹਿਂ ਸੋ ਤਿਹ ਦੀਨਸਿ।
ਆਰਾਸਤ[1] ਲਸ਼ਕਰਿ ਸਭਿ ਕੀਨਸਿ।
ਮਿਲੇ ਆਨਿ ਜੇਤਿਕ ਉਮਰਾਵ।
ਨਿਜ ਨਿਜ ਲੇ ਕਰਿ ਸੰਗ ਪ੍ਰਭਾਵ ॥੪੦॥

[1]ਤਿਆਰ ਬਰਤਿਆਰ। [ਫਾ: ਆਰਾਸਤਹ]

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਦਾਰਾ ਸ਼ਕੋਹ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ ॥੧੧॥

੧੨. [ਦਾਰਾਸ਼ਕੋਹ ਤੇ ਔਰੰਗਜ਼ੇਬ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:

ਸ਼ਾਹਜਹਾਂ ਕੋ ਕਹਤਿ ਭਾ, 'ਇਮ ਆਵਤਿ
ਮਨ ਮੋਹਿ।
ਰੋਕਹੁੰ ਨਵਰੰਗ ਭ੍ਰਾਤ ਕਹੁ, ਚਢਿ ਕਰਿ
ਆਗੇ ਹੋਹਿ' ॥੧॥

ਚੌਪਈ:

ਸੁਤ ਕੋ ਸਮੁਝਾਵਨਿ ਹਿਤ ਕਹਜੋ।
'ਨੌਰੰਗ ਦੁਰਬੁੱਧੀ ਬਡ ਲਹਜੋ।
ਕੁਟਿਲ ਮਹਾਂ ਹਠ ਕਰਨਿ ਅਰੂਢਾ।
ਛਲ ਬਲ ਬਿਖੈ ਅਧਿਕ ਮਤਿ ਮੂਢਾ
॥੨॥
ਤੋਹਿ† ਸੁਭਾਵ ਸਰਲ ਮ੍ਰਿਦੁ ਰੂਰਾ। †ਪਾ:-ਹੁਤੋ।
ਤਿਹ ਸੰਗ ਉਤਰਿ ਸਕਹਿਂ ਨਹਿਂ ਪੂਰਾ।
ਯਾਂ ਤੇ ਟਰੇ ਰਹੇ ਨਹਿਂ ਜਾਹੂ।
ਆਇ ਤ ਆਵਨ ਦਿਹੁ ਉਤ ਰਾਹੂ' ॥੩॥
ਦਾਰਸ਼ਕੋਹ ਸੁਨਤਿ ਨਹਿਂ ਮਾਨੀ।
ਪਦਰ[1] ਸਾਥ ਇਮ ਭਾਖਤਿ ਬਾਨੀ। [1]ਪਿਤਾ।
'ਇਹਾਂ ਆਇ ਜੇ ਕਰਹਿ ਕੁਚਾਲਾ।
ਪੁਨਹਿ ਚਲਹਿ ਕਜਾ ਬਸ ਤਿਸ ਨਾਲਾ
॥੪॥
ਅਬਿ ਮੈਂ ਜਾਇ ਅਗਾਰੀ ਤਹਾਂ।
ਰੋਕਵਿ ਚੰਬਲ ਸਲਿਤਾ[1] ਜਹਾਂ।' [1]ਚੰਬਲ ਨਾਮੇ ਨਦੀ (ਦੇ ਕਿਨਾਰੇ)।
ਸ਼ਾਹੁ ਜਹਾਂ ਸੁਨਿ ਰਹਜੋ ਹਟਾਇ।
ਦਾਰਸ਼ਕੋਹ ਨ ਮਨ ਮੈਂ ਲਜਾਇ ॥੫॥
ਬਜਵਾਇਵ ਕਹਿ ਕੂਚ ਨਗਾਰਾ।
ਸਭਿ ਉਮਰਾਵਨਿ ਕਰਿ ਕੈ ਤਜਾਰਾ।
ਗਜ ਬਾਜਨਿ ਪਰ ਪਾਖਰ[1] ਡਾਰੀ। [1]ਕਾਠੀਆਂ।
ਪੈਦਲ ਜੁਗਤਿ ਬਾਹਨੀ ਭਾਰੀ ॥੬॥
ਚਲਜੋ ਉਮਡ ਕਰਿ ਲਸ਼ਕਰ ਐਸੇ।
ਕਜਾਮਤ ਮਹਿਂ ਸਲਿਤਾਪਤਿ[1] ਜੈਸੇ। [1]ਸਮੁੰਦਰ।

ਤੋਪ ਨਕਰ ਜਨੁ ਬਦਨ ਪਸਾਰਾ[1]।
[1]ਤੋਪਾਂ ਮਾਨੋਂ ਤੰਦੂਆਂ ਨੇ ਮੂੰਹ ਟੱਡਿਆ ਹੈ।

ਤੋਮਰ ਗਨ ਪੰਨਗ ਆਕਾਰਾ[1†] ॥੭॥
[1]ਤੋਮਰ (ਮਾਨੋਂ) ਸੱਪਾਂ ਦੇ ਆਕਾਰ ਹਨ। †ਪਾ:-ਆਗਾਰਾ।

ਕਹਾਂ ਲਗੇ ਬਰਨੌਂ ਬਿਧਿ ਸਾਰੀ।
ਸਨੈ ਸਨੈ ਚਲਿ ਪੰਥ ਮਝਾਰੀ।
ਚੰਬਲ ਸਲਿਤਾ ਕੂਲ ਬਿਸਾਲਾ।
ਤਹਾਂ ਪਹੁੰਚਿ ਡੇਰਾ ਸਭਿ ਘਾਲਾ ॥੮॥
ਨਿਸ ਬਸਿ ਨਵਕਾ ਕਰਿ ਤਕਰਾਈ।
ਪਾਇ ਆਬ ਢਿਗ ਧੁਜਨੀ ਛਾਈ।
ਬੰਦੁ ਬਸਤ ਸਲਿਤਾ ਕਹੁ ਠਾਨਜੋ।
-ਰੋਕਹਿੰ ਇਹਾਂ ਨ ਦੇਂ ਤਿਸ ਜਾਨਜੋ- ॥੯॥
ਇਮ ਤਹਿਂ ਰਹਜੋ 'ਠਾਨਿ ਤਕਰਾਈ।
ਰਿਤੁ ਗ੍ਰੀਖਮ ਕੀ ਬਹੁ ਤਪਤਾਈ।
ਦੁਸਹਾ ਉਮਰਾਵਨਿ ਕਹੁ ਤੇਈ[1]।
[1]ਕਠਨ ਸੀ ਉਮਰਾਵਾਂ ਨੂੰ ਸੋ ਰੁੱਤ।

ਰਹਤ ਸਰਦ ਖਾਨਹਿਂ ਮਹਿਂ ਜੇਈ ॥੧੦॥
ਦੁਖੀ ਹੋਈ ਬਸ ਚਲਹਿ ਨ ਕੋਈ।
ਤਊ ਰਿਦੇ ਮਹਿਂ ਇਰਖਤਿ[1†] ਹੋਈ।
[1]ਉਡੀਕ (ਜੰਗ ਦੀ) ਲਗ ਰਹੀ ਸੀ [ਅ: ਇਰਸੁਦ-ਉਡੀਕ ਵਿਚ ਬੈਠਣਾ] (ਅ) ਜਿਸ ਨਾਲ ਈਰਖਾ ਕੀਤੀ ਜਾਏ [ਸੰ: ਈਰਖਤ]। †ਪਾ:-ਹਰਖਤਿ।

ਇਮ ਇਨ ਡੇਰਾ ਕੀਨਸਿ ਤਹਿਂ ਜਬਿ।
ਰਹਜੋ ਆਗਰੇ ਸ਼ਾਹਿ ਜਹਾਂ ਤਬਿ ॥੧੧॥
ਆਗੇ ਤਿਨ ਕਹੁ ਸੁਨਹੁ ਪ੍ਰਸੰਗ।
ਮਿਲਜੋ ਮੁਰਾਦ ਬਖਸ਼ ਨੌਰੰਗ।
ਏਕ ਹੋਇ ਕਰਿ ਧੁਜਨੀ ਪ੍ਰੇਰੀ।
ਲਰਿਬੇ ਕੀ ਦਿਢ ਸੌਂਜ ਘਨੇਰੀ ॥੧੨॥
ਤੋਪ ਤੁਪਕ ਰਹਕਲਾ ਜੰਜੈਲ।
ਬ੍ਰਿੰਦ ਜਮੂਰੇ ਤੋਰਹਿਂ ਸੈਲ।
ਗਜ ਬਾਜੀ ਆਸੂਦੇ[1] ਕਰਿ ਕੈ।
[1]ਤਕੜੇ।

ਸਭਿ ਜੋਧਾਨਿ ਧੀਰ ਕਹੁ ਧਰਿ ਕੈ ॥੧੩॥
ਸਨੇ ਸਨੇ ਗਮਨਤਿ ਜਬਿ ਆਏ।
ਸਲਿਤਾ ਕੀ ਸੁਧ ਕੋ ਸੁਨਿ ਪਾਏ।

ਫਿਕਰਵੰਦ ਬਹੁਤੇ ਹੁਇ ਰਹੇ।
ਉਤਰਨਿ ਘਾਟ ਕਹੂੰ ਨਹਿਂ ਲਹੇ ॥੧੪॥
ਅਨਿਕ ਜਤਨ ਠਾਨਤਿ ਮਨਿ ਮਾਂਹਿ।
ਉਤਰਨਿ ਸਲਿਤਾ ਪਾਵਤਿ ਨਾਂਹਿ।
ਬਸਨ ਹਾਰ ਤਿਹ ਗ੍ਰਾਮ ਜੁ ਨੇਰੇ।
ਕਰੇ ਹਕਾਰਨ ਸੁਮਤਿ ਜਿ ਹੇਰੇ ॥੧੫॥
ਤਿਨ ਸੋਂ ਬੂਝਨ ਕੀਨਸਿ ਰਾਹੂ।
ਬਖਸ਼ਜੋ ਦਰਬ ਅਧਿਕ ਨਰਨਾਹੂ।
ਤਿਨਹੁਂ ਖੋਜਿ ਕੈ ਆਨਿ ਜਨਾਇਵ।
'ਬੀਸ ਕੋਸ ਇਸ ਤੇ ਮਗ ਪਾਇਵ[1] ॥੧੬॥
ਬਿਨ ਤਰਨੀ ਤੁਮ ਚਢੇ ਚਢਾਏ।
ਹੋਵਹੁ ਪਾਰ ਨਹੀਂ ਬਿਲਮਾਏ।'
ਸੁਨਿ ਹਰਖਜੋ ਨੌਰੰਗ ਚਢਿ ਪਰਜੋ।
ਤਹਾਂ ਨਦੀ ਕੋ ਜਾਇ ਉਤਰਜੋ ॥੧੭॥
ਸੈਨਾ ਸਭਿ ਸੁਖੈਨ ਉਤਰਾਈ।
ਤੋਪ ਰਹਕਲਾ ਲੀਨਿ ਲੰਘਾਈ।
ਆਇ ਉਰਾਰ ਸਿਵਰ ਕਹੁ ਘਾਲਾ।
ਨਿਸ ਦਿਨ ਰਹੇ ਸੁਚੇਤ ਬਿਸਾਲਾ ॥੧੮॥
ਦਾਰਸ਼ਕੋਹ ਜਬਹਿ ਸੁਧਿ ਪਾਈ।
ਬੈਠਜੋ ਰਹਜੋ ਬਹੁਤ ਬਿਸਮਾਈ।
ਸਭਿ ਉਮਰਾਵ ਸਮੀਪ ਹਕਾਰੇ।
ਲਰਨ ਹੇਤੁ ਮਸਲਤ ਕਹੁ ਧਾਰੇ ॥੧੯॥
ਭਈ ਭੋਰ ਕਰਿ ਕੂਚ ਨਗਾਰਾ।
ਚਢਜੋ ਬਜਾਇ ਬੰਬ ਬਲ ਭਾਰਾ।
ਤੁਰੰਗ ਬਾਹਨੀ ਪੈਦਲ ਸਾਰੀ।
ਤੋਪ ਤੁਪਕ ਕੀ ਕਰਿ ਬਹੁ ਤਜਾਰੀ ॥੨੦॥
ਦਲ ਮੁਕਾਬਲੇ ਦੋਨੋ ਹੋਏ।
ਬਾਂਧੇ ਪੰਗਤਿ ਬਿਥਰਿ[1] ਥਰੋਏ।
ਰਚੀ ਜਮੂਰਨਿ ਕੀ ਬਹੁ ਸੈਨਾ।
ਸ਼ਸਤ੍ਰ ਹਤਨਿ ਹਿਤ ਸ਼ੱਤ੍ਰਨਿ ਸੈਨਾ

[1]ਇਸ ਥਾਂ ਤੇ ਵੀਹ ਕੋਹ ਤੇ ਰਾਹ ਪੈਂਦਾ ਹੈ।

[1]ਫੈਲ ਕੇ।

॥੨੧॥
ਕਈ ਹਜ਼ਾਰ ਤੋਪ ਕਰਿ ਖਰੀ।
ਛੋਟੀ ਬਡੀ ਬਰੋਬਰ ਕਰੀ।
ਹਾਥਿਨਿ ਕੋ ਹੌਦਨਿ ਪਰ ਰਾਇ।
ਗਾਢੇ ਹੋਇ ਚਢੇ ਉਮਰਾਇ ॥੨੨॥
ਤੇਜ਼ ਤੁਰੰਗ ਤੁਰਾਏ ਤਾਜੀ।
ਫਾਂਦਤਿ ਮਨਹੁਂ ਪਾਇ ਨਟ ਬਾਜ਼ੀ।
ਪੈਦਲ ਦਿਢ ਪਿਖਿ ਤ੍ਰਾਸ ਗ਼ਨੀਮ[1]। [1]ਵੈਰੀ ਦਾ।
ਜੇ ਨੌਕਰ ਪੁਸ਼ਤੇਨਿ ਕਦੀਮ[1] ॥੨੩॥ [1]ਪੁਰਾਣੇ ਪੁਸ਼ਤਾਂ ਦੇ।
ਨਿਜ ਨਿਜ ਮਿਸਲ ਸਕੇਲਿ ਕਠੋਰ।
ਗਹਿ ਗਹਿ ਸ਼ਸਤ ਕਰੇ ਰਨ ਰੌਰ।
ਦੁੰਦਭਿ, ਢੋਲ, ਪਣਵ ਸਮੁਦਾਏ।
ਪੂਰਜੋ ਸ਼ਬਦ ਗਗਨ ਗਰਜਾਏ ॥੨੪॥
ਇਸੀ ਰੀਤਿ ਨੌਰੰਗ ਬਡ ਮਾਨੀ।
ਦਿਢ ਰਚਨਾ ਧੁਜਨੀ ਸਭਿ ਠਾਨੀ।
ਉਮਰਾਵਨਿ ਕਹੁ ਕਰਿ ਕਰਿ ਗਾਢੇ।
ਸੈਨਾ ਸਹਿਤ ਜਮੂਰੇ ਠਾਢੇ ॥੨੫॥
ਨਰਨ ਲਗੇ ਦੋਨਹੁਂ ਦਲ ਐਸੇ।
ਗਰਜਤਿ ਭਰੇ ਮਹਾਂ ਘਨ ਜੈਸੇ।
ਗੋਰੀ ਅਰੁ ਗੋਰਨਿ ਕੀ ਮਾਰ।
ਬਰਖਾ ਕਰਕਾ ਕੀ[1] ਇਕਸਾਰ ॥੨੬॥ [1]ਗੜਿਆਂ ਦੀ।
ਆਤਸ਼[1] ਅਰੁ ਬਰੂਦ ਕੇ ਮੇਲ। [1]ਅੱਗ।
ਧੂਮ ਧਾਰ[1] ਪਰਸਤਿ ਨਭ ਗੈਲ। [1]ਧੂੰਏਂ ਦੀ ਧਾਰਾ।
ਮਨਹੁਂ ਘਟਾ ਬਡ ਸ਼ੋਰ ਉਠਾਵਹਿਂ।
ਜਹਿਂ ਕਹਿਂ ਅਵਿਨਿ ਗਗਨ[1] ਕਹੁ ਛਾਵਹਿ ॥੨੭॥ [1]ਪ੍ਰਿਥਵੀ ਤੇ ਅਕਾਸ਼।
ਤੋਪ ਤੁਫੰਗ ਮਹਾਂ ਕਰਕੰਤੀ[1]। [1]ਕੜਕਦੀਆਂ ਹਨ।
ਬਾਰ ਬਾਰ ਜਨੁ ਗਾਜ[1] ਗਿਰੰਤੀ। [1]ਬਿਜਲੀ।
ਧੌਂਸੇ ਧੁੰਕਾਰਤਿ ਚਹੁਂ ਓਰੀ।
ਜਨੁ ਘਨ ਗਰਜਹਿ ਘੁਮਡਤਿ ਘੋਰੀ ॥੨੮॥
ਸੁਭਟ ਗਿਰਹਿਂ ਘਾਇਲ ਤਰਫੰਤੇ।

ਸ਼੍ਰੋਣਿਤ ਬਮਤੇ ਕਿਤਿਕ ਮਰੰਤੇ।
ਗੋਰੇ ਲਗਹਿਂ ਉਡਹਿਂ ਨਰ ਬਾਜੀ।
ਦੁਹਿਦਿਸ਼ ਭਿਰਹਿ ਸੈਨ, ਨਹਿਂ ਭਾਜੀ ॥੨੯॥
ਗੁਲਕਾ ਲਾਗੇ ਫੂਟਹਿਂ ਅੰਗਾ।
ਰਿਦੈ ਬਿਸੂਰਤਿ ਕਛੁ ਨ ਬਸਾਇਵ[1]।
ਸਗਰੀ ਭੇਟ ਦਈ ਤੁਰਕੇਸ਼।
ਬੈਠਿ ਰਹਜੋ ਲਖਿ ਬਲੀ ਬਿਸ਼ੇਸ਼ ॥੩੨॥
ਬਿੱਪ੍ਰ ਬਿਰਾਗਨਿ ਕੋ ਕਹਿ ਐਸੇ।
'ਇਹ ਸੰਗ ਮੇਰੋ ਬਲ ਨਹਿਂ ਕੈਸੇ।
ਜਿਮ ਠਾਕੁਰ ਕੀ ਮਰਜ਼ੀ ਅਹੈ।
ਹੋਇ ਸੁ ਸਾਚੁ ਮਿਟਨਿ ਕਿਮ ਲਹੈ
॥੩੩॥
ਸੁਨਿ ਕੈ ਪੂਜਕ ਠਾਕੁਰ ਕੇਰ।
ਮਹਾਂ ਅਨੀਤਿ ਬਿਬਸ ਕਹੁ ਹੇਰਿ।
ਲੈ ਲੈ ਪ੍ਰਤਿਮਾ ਗਏ ਪਲਾਈ।
ਘਰ ਅੰਤਰ ਘਰ ਦੁਰੇ ਸੁ ਜਾਈ ॥੩੪॥
ਕੇਤਿਕ ਦੌਰਤਿ ਗਹਿ ਗਹਿ ਲੀਨੇ।
ਸਹਿਤ ਸਮਾਜਨਿ ਪ੍ਰਤਿਮਾ ਛੀਨੇ[1]।
ਅੰਗ ਭੰਗ ਘਨ ਸੰਗ[1] ਕਰਾਏ।
ਖੰਡ ਖੰਡ ਕਰਿ ਅਵਨਿ ਗਿਰਾਏ ॥੩੫॥
ਪੂਜਨਿ ਕੇ ਬਾਸਨ ਸਭਿ ਲੀਏ।
ਮੰਦਿਰ ਬਡੇ ਬਿਦਾਰਨਿ ਕੀਏ।
ਸਗਲ ਪਤਾਕਾ ਦਈ ਗਿਰਾਇ।
ਪੂਜਕ ਜਿਤ ਕਿਤ ਅਤਿ ਬਿਕੁਲਾਇ
॥੩੬॥
ਤਿਨ ਸੋਂ ਕਹੈਂ 'ਸ਼ਰ੍ਹਾ ਮਹਿਂ ਆਵਹੁ।
ਕਲਮਾ ਪਢਹੁ ਤੁਰਕ ਬਨਿ ਜਾਵਹੁ।
ਬਡੀ ਮਸੀਤ ਦੇਹਿਂ ਬਨਵਾਇ।

[1]ਕੁਛ ਵੱਸ ਨਾ ਚੱਲਿਆ।

[1]ਸਾਮਾਨਾਂ ਸਣੇ ਮੂਰਤਾਂ ਖੋਹ ਲਈਆਂ।

[1]ਹਥੌੜਿਆਂ ਨਾਲ।

ਤਿਨ ਮਹਿਂ ਬੈਠਹੁ ਧਨ ਬਹੁ ਧਾਇ
॥੩੭॥
ਪਾਤਿਸ਼ਾਹਿ ਤੇ ਪਟੇ ਲਿਖਾਵਹੁ।
ਗ੍ਰਾਮ ਜ਼ਮੀਨ ਲੇਹੁ ਹਰਖਾਵਹੁ।
ਸੁਖ ਪਾਵਹੁ ਇਸ ਲੋਕ ਮਝਾਰ।
ਮਰਿ ਕਰਿ ਭਿਸਤ ਲਹੋ ਹਿਤ ਧਾਰਿ'
॥੩੮॥
ਅਪਰ ਖਿਝਾਵਨਿ ਕੀ ਬਹੁ ਬਾਤ।
ਕਹੈਂ ਮਲੇਛ ਕਸ਼ਟ ਉਪਜਾਤਿ।
ਕੁਛ ਬਸ ਚਲਹਿ ਨ ਉੱਤਰ ਦੇਇਂ।
ਮਨ ਮਹਿਂ 'ਰਾਮ ਰਾਮ' ਕਹਿ ਲੇਇਂ
॥੩੯॥
ਗਜਾਰਹ ਸੈ ਮੰਦਿਰ ਤਹਿਂ ਖਰਜੋ।
ਤੁਰਤ ਬਿਦਾਰਨਿ ਸਭਿ ਕੋ ਕਰਜੋ।
ਦਿਏ ਉਜਾਰ 'ਨ ਪੁਨ ਕੈ ਕਰੈ।
ਕਰੈ ਜੁ, ਦੰਡ ਹਮਾਰੋ ਭਰੈ' ॥੪੦॥
ਇਮ ਹਿੰਦੁਨਿ ਕੋ ਧਰਮ ਬਿਗਾਰਾ।
ਜੈ ਪੁਰਿ ਮਹਿਂ ਭਾ ਹਾਹਾਕਾਰਾ।
ਤ੍ਰਾਸ ਕਰੈਂ ਘਰ ਬੈਠੇ ਰਹੈਂ।
ਮਿਲਿ ਕਰਿ ਕਹੂੰ ਨ ਬਾਤੈਂ ਕਹੈਂ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਜੈਪੁਰਿ ਔਰੰਗ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

੨੮. [ਪੁਸ਼ਕਰ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਗਜਾਰਹ ਸੈ ਮੰਦਿਰ ਮਹਦ, ਜੈਪੁਰਿ ਤੇ ਢਹਿਵਾਇ।
ਤ੍ਰਾਸ ਉਪਾਇਵ ਹਿੰਦ ਕੋ, ਤੁਰਕ ਤੇਜ ਤਪਤਾਇ ॥੧॥

ਚੌਪਈ:

ਭਈ ਪ੍ਰਾਤਿ ਜਬਿ ਸਭਾ ਲਗਾਈ।
ਕਾਜ਼ੀ ਅਰੁ ਮੁੱਲਾਂ ਸਮਦਾਈ।
ਜਿਦ ਕੈ ਬਾਦ ਕਰਤਿ ਜੇ ਗਾਢੇ[1]।
ਅਪਰ ਅਨਿਕ ਆਏ ਹੁਇ ਠਾਂਢੇ ॥੨॥
ਸਭਿਨਿ ਸੰਗ ਨੌਰੰਗ ਨੇ ਕਹ੍ਯੋ।
'ਇਸ ਪੁਰਿ ਕੋ ਮੰਦਿਰ ਗਨ ਢਹ੍ਯੋ।
ਆਗੈ ਨਹੀਂ ਬਨਾਵੈ ਕੋਈ।
ਇਮ ਸਜ਼ਾਇ ਸਭਿਹਿਨਿ ਕਹੁ ਹੋਈ ॥੩॥
ਭਗਨਿ ਕਰੇ ਬੁਤ ਮੰਦਰ ਗਿਰੇ।
ਤ੍ਰਾਸ ਬਿਲੰਦ ਰਿਦੈ ਮਹਿਂ ਧਰੇ।
ਅਪਨਿ ਧਰਮ ਤੇ ਧੀਰਜ ਛੂਟੇ।
ਕਰਹਿਂ ਬਿਲੋਕਨਿ ਇਸ਼ਟ ਜਿ ਫੂਟੇ ॥੪॥
ਅਬਿ ਹਿੰਦਵਾਇਨਿ ਕੋ ਜਹਿਂ ਜ਼ੋਰ।
ਚਲਿ ਹੈਂ ਤਹਾਂ ਬਤਾਵਹੁ ਠੌਰ।
ਜਹਿਂ ਇਕ ਥਲ ਸਜ਼ਾਇ ਕਹੁ ਦੈਬੇ[1]।
ਉੱਤਮ ਅਪਨੋ ਮਤੋ ਦਿਖੈਬੇ[1] ॥੫॥
ਥਾਨ ਹਜ਼ਾਰ ਸੁਨਹਿਂ[1] ਅਰੁ ਹੇਰੇ।
ਉਪਜਹਿ ਸਭਿ ਮੈਂ ਤ੍ਰਾਸ ਬਡੇਰੇ।
ਆਵਹਿਂ ਸ਼ਰ੍ਹਾ ਬਿਖੈ ਬਿਨ ਕਹੇ।
ਉੱਤਮਤਾ ਤੁਰਕਨਿ ਕੀ ਲਹੇ' ॥੬॥
ਇਮ ਸੁਨਿ ਸ਼ਰ੍ਹਾ ਬੀਚ ਦਿਢ ਜੇਈ।
ਹਰਖ ਬਧਾਵਤਿ ਬੋਲੇ ਤੇਈ।
ਸਨਮਾਨਤਿ ਨੌਰੰਗ ਕੋ ਕਹ੍ਯੋ।

[1]ਜਿਦ ਕਰਕੇ ਜੋ ਭਾਰੀ ਝਗੜਾ ਕਰਦੇ ਹਨ।

[1]ਜਿੱਥੇ ਇਕ (ਮੁਖੀ) ਸਥਾਨ (ਹੋਵੇ ਤੇ ਮੈਂ) ਸਜ਼ਾ ਦੇਵਾਂ।

[1]ਦਿਖਾਵਾਂ।

[1]ਹਜ਼ਾਰਾਂ ਥਾਵਾਂ ਵਿਚ ਸੁਣਨ।

'ਕਰਤਿ ਕਾਜ ਬਾਂਛਤਿ ਕੋ ਲਹਜੋ[1] ॥੭॥

ਹਜ਼ਰਤ ਸੁਨਹੁ ਬਤਾਵਹਿਂ ਸੋਊ।
ਕਰਹਿਂ ਏਕ ਸੋ, ਡਰ ਬਹੁ ਹੋਊ[1]।

ਜਸ ਤੀਰਥ ਮਥੁਰਾ ਮੁਖਿ ਮਾਨਾ।
ਤਸ ਪੁਸ਼ਕਰ ਹੈ ਨਿਕਟਿ ਸਥਾਨਾ ॥੮॥
ਲਾਖਹੁਂ ਲੋਕ ਕਰਹਿਂ ਇਸ਼ਨਾਨ।
ਨਾਨਾ ਬਿਧਿ ਕੇ ਦੇ ਬਹੁ ਦਾਨ।
ਦੂਰ ਦੂਰ ਤੇ ਹਿੰਦੂ ਆਵੈਂ।
ਬੁਤ ਪੂਜਹਿਂ ਅਰ ਦਰਬ ਚਢਾਵੈਂ ॥੯॥
ਸੋ ਸਥਾਨ ਜੋ ਹੋਇ ਹਮਾਰੋ।
ਬਨੈਂ ਤੁਰਕ ਜੇ ਕਹੈਂ ਹਜ਼ਾਰੋਂ[1]।

ਤਹਿਂ ਭੀ ਮੰਦਿਰ ਉਚੇ ਖਰੇ।
ਸੁੰਦਰ ਬ੍ਰਿੰਦ ਹਿੰਦੁਵਨਿ ਕਰੇ ॥੧੦॥
ਸਹਤਿ ਬੁਤਨਿ ਕੇ ਭੰਗ ਕਰੀਜੈ।
ਪੂਜਕ ਗਨ ਕੋ ਤ੍ਰਾਸ ਦਿਖੀਜੈ।'
ਸੁਨਿ ਨੌਰੰਗ ਕਹਿ 'ਕਰਹੁ ਤਯਾਰੀ।
ਸਾਜਿ ਹਕਾਰਹੁ ਸਭਿ ਅਸਵਾਰੀ' ॥੧੧॥
ਬਜੇ ਸੈਂਕਰੇ ਦੁੰਦਭਿ ਤਬੈ।
ਬਾਦਿਤ ਅਪਰ ਬਜਾਏ ਤਬੈ।
ਗਜ ਬਾਜੀ ਸ਼ਿੰਗਾਰਨਿ ਕਰੇ।
ਭਯੋ ਅਰੂਢਿ ਪਯਾਨੋ ਕਰੇ ॥੧੨॥
ਪਹੁਂਚਜੋ ਪੁਸ਼ਕਰ ਤਟ ਤਤਕਾਲਾ।
ਜਾਇ ਤਹਾਂ ਡੇਰਾ ਨਿਜ ਘਾਲਾ।
ਤੀਰਥ ਰੁਚਿਰ ਬਿਲੋਕਨਿ ਕਰਜੋ।
ਨਿਕਟਿ ਨਿਕਟਿ ਮੰਦਿਰ ਗਨ ਖਰਜੋ ॥੧੩॥
ਪ੍ਰਤਿਮਾ ਸਭਿ ਕੇ ਅੰਤਰ ਸੋਹੈਂ।
ਭੂਖਨ ਬਸਨ ਧਰੇ ਜਨ ਮੋਹੈਂ।
ਗਾਇਂ ਬਿਸ਼ਨਪਦ ਭੋਗ ਲਗਾਵਹਿਂ।
ਕਰਹਿਂ ਆਰਤੀ ਮੋਦ ਬਢਾਵਹਿਂ ॥੧੪॥

[1]ਭਾਵ ਅਸਾਂ ਇਹ ਜਾਣਿਆਂ ਹੈ ਕਿ ਜੋ ਸਾਡੇ ਚਿਤ ਵਿਚ ਹੁੰਦੀ ਹੈ ਤੁਸੀਂ ਵੀ ਉਹੋ ਕਰਦੇ ਹੋ।

[1]ਇਕ ਥਾਂ ਨਾਲ (ਜੋ ਸਲੂਕ) ਕਰੋਗੇ ਤਿਸ ਦਾ ਡਰ ਬਹੁਤੀ ਥਾਵੀਂ ਹੋਵੇਗਾ।

[1]ਕਹੋ ਤਾਂ ਹਜ਼ਾਰਾਂ ਹੀ ਤੁਰਕ ਬਣ ਜਾਣਗੇ। (ਅ) (ਉਪਦੇਸ਼) ਕਹਿਣ ਨਾਲ ਹਜ਼ਾਰਾਂ....।

ਲਖ੍ਯੋ ਦੁਸ਼ਟ ਕੋ ਆਯੋ ਡੇਰਾ।
ਦੁਰੇ ਪਲਾਏ ਤ੍ਰਾਸ ਬਡੇਰਾ।
ਲਘੁ ਲਘੁ ਪ੍ਰਤਿਮਾ ਲਈ ਉਠਾਇ।
ਪੁਨਹਿ ਤੁਰਕ ਨੇ ਦਏ ਹਢਾਇ ॥੧੫॥
ਏਕ ਜਾਮਨੀ ਤਹਾਂ ਬਿਤਾਈ।
ਉਠਿਓ ਪ੍ਰਾਤਿ ਦੁਸ਼ਟ ਦੁਖਦਾਈ।
ਫਿਰ੍ਯੋ ਚੁਫੇਰੇ ਹੇਰੇ ਮੰਦਿਰ।
ਪ੍ਰਤਿਮਾ ਜੁਗਤਿ ਬਿਰਾਜੇ ਸੁੰਦਰ ॥੧੬॥
ਇਕ ਠਾਕੁਰ ਕੋ ਮੰਦਿਰ ਊਚੋ।
ਅਪਰ ਨ ਸਮਸਰ ਜਾਸ ਪਹੂਚੋ।
ਸ਼੍ਰੀ ਬਰਾਹ ਕੀ ਪ੍ਰਤਿਮਾ ਤਹਾਂ।
ਲੋਕ ਸਕਲ ਤਿਸ ਮਾਨਹਿਂ ਮਹਾਂ ॥੧੭॥
ਬਡ ਊਚੋ ਮੰਦਿਰ ਤਿਸ ਕੇਰਾ।
ਗਜ ਪੰਚਾਸੀ ਮਿਣ ਕਰਿ ਹੇਰਾ।
ਅਨਖ੍ਯੋ ਦੁਸ਼ਟ ਹੁਕਮ ਕੋ ਦੀਨਸਿ।
'ਇਸਹਿ ਢਹਾਵਹੁ ਤੂਰਨ ਕੀਨਸਿ ॥੧੮॥
ਪੁਨ ਅਪਰਨਿ ਕੋ ਦੇਹੁ ਢਹਾਇ।
ਭਗਨਹੁ ਬੁਤ ਲੇ ਕਰਿ ਸਮੁਦਾਇ।
ਬਨਹਿ ਤੁਰਕ ਜੋ ਲੇਹੁ ਬਨਾਇ।
ਦਿਹੁ ਕਲਮਾ ਤਤਕਾਲ ਪਢਾਇ' ॥੧੯॥
ਸੁਨਤਿ ਹੁਕਮ ਕੋ ਲਗੇ ਬਿਦਾਰਨਿ।
ਬੋਲਹਿ ਜੋ, ਕਿਛੁ ਕਰਹਿ ਪੁਕਾਰਨਿ।
ਤਿਸ ਗਹਿ ਲੇਹਿਂ ਮਾਰ ਬਹੁ ਕਰੈਂ।
ਕਿਧੋਂ ਕੈਦ ਕਰਿ ਦਿਢ ਤਿਹ ਧਰੈਂ[1] ॥੨੦॥
ਸੁੰਦਰ ਮੰਦਿਰ ਪਾਥਰ ਕੇਰਾ।
ਮਿਲਿ ਦੁਸ਼ਟਨਿ ਬਹੁ ਸ਼ੀਘ੍ਰ ਸੁ ਗੇਰਾ।
ਜਥਾ ਲੁਹਾਰ ਘਰਹਿਂ ਬਰ ਆਏ[1]।
ਤਥਾ ਪ੍ਰਹਾਰਹਿਂ ਸ਼ਬਦ ਉਠਾਏ ॥੨੧॥
ਲੇ ਲੇ ਪਾਥਰ ਦੂਰ ਬਗਾਵੈਂ।
ਤੁਰਕ ਬਿਲੋਕਤਿ ਹਰਖ ਉਪਾਵੈਂ।

[1]ਤਿਸ ਨੂੰ ਤਕੜਾ ਕਰਕੇ ਰੱਖਣ।

[1]ਬਲੇ ਨਾਲ।

ਮੂਰਖ ਨਹਿਂ ਜਾਨਹਿ ਇਹ ਬਾਤ।
-ਮੇਰੋ ਤੇਜ ਨਾਸ਼ ਹੁਇ ਜਾਤਿ- ॥੨੨॥
ਅਪਰ ਅਲਪ ਜੇ ਠਾਕੁਰਦ੍ਵਾਰੇ।
ਸਨੇ ਸਨੇ ਸਭਿ ਫੋਰਿ ਬਿਗਾਰੇ।
ਪ੍ਰਤਿਮਾ ਕੇ ਕਰ ਪਗ ਭਗਨੰਤੇ।
ਖੰਡ ਖੰਡ ਕਰਿ ਅਵਨਿ ਗਿਰੰਤੇ ॥੨੩॥
ਪੂਜਨ ਸੌਜ ਖਸੋਟਨਿ ਕਰੈਂ।
ਯਾਂ ਤੇ ਬਹੁਤ ਛਪਾਇ ਸੁ ਧਰੈਂ।
ਬਸ ਨਹਿਂ ਚਲੈ ਬਿਸੂਰਤਿ ਬੈਸੇ।
ਕਹੈਂ 'ਭਯੋ ਹਰਨਾਖਸ਼ ਜੈਸੇ' ॥੨੪॥
ਹਿੰਦੂ ਸਗਰੇ ਭਏ ਦੁਖਾਰੇ।
ਤਪ ਮਲੇਛ ਤਪਿਬੇ ਤੇ ਹਾਰੇ[1]।
ਜਿਨ ਤੇ ਬਨਹਿ ਉਪਾਇ ਨ ਕੋਊ।
ਸਾਮ ਦਾਮ ਭੇਦਾਦਿਕ ਜੋਊ ॥੨੫॥
ਤੀਰ ਤੀਰ ਤੀਰਥ ਕੇ ਖਰੇ।
ਸਕਲ ਬਿਦਾਰੇ ਥਲ ਸਮ ਕਰੇ।
ਮਨ ਭਾਵਤਿ ਨੌਰੰਗ ਕਰਿਵਾਇ।
ਬੈਠਯੋ ਦੇਖੈ ਤਰਕ ਉਠਾਇ ॥੨੬॥
'ਮੰਦਿਰ ਪ੍ਰਤਿਮਾ ਸਗਲ ਬਿਗਾਰੀ।
ਇਹ ਤੀਰਥ ਜਿਸ ਮਹਿਂ ਬਡ ਬਾਰੀ[1]।
ਇਸਹਿ ਬਿਗਾਰੇ ਕਾਰਜ ਸਰੈ।
ਬਹੁਰ ਕਬਹੁੰ ਨਹਿਂ ਕੋ ਕਿਮ ਕਰੈ ॥੨੭॥
ਮਥੁਰਾ ਪੁਰਿ ਮਹਿਂ ਸਰਿਤਾ ਭਾਰੀ।
ਸੋ ਕਿਸਹੂੰ ਤੇ ਜਾਇ ਨ ਟਾਰੀ।
ਰਾਤਿ ਦਿਵਸ ਜਹਿਂ ਜਲ ਸਮੁਦਾਇ।
ਨਿਤ ਨਵੀਨ ਆਵਤਿ ਉਮਡਾਇ ॥੨੮॥
ਸੋ ਤੇ ਆਇ ਨ ਮਿਟਿ ਹੈ ਬਾਰੀ।
ਹਾਰ ਪਰਹਿ ਕਰਹਿ ਜੁ ਉਪਚਾਰੀ।
ਇਹ ਤਲਾਉ ਮੈਂ ਜਲ ਗੰਭੀਰ।
ਮ੍ਰਿਤਕਾ ਡਾਰਿ ਸੁਕਾਵੌਂ ਨੀਰ ॥੨੯॥
ਪੁਨ ਹਿੰਦੁਨਿ ਥਲ ਹੋਇ ਬਿਨਾਸ।

[1]ਮਲੇਛ ਦੇ ਤਪ ਤਪਣੇ ਤੋਂ (ਹਿੰਦੂ) ਹਾਰ ਗਏ।

[1]ਬਹੁਤਾ ਜਲ ਹੈ।

ਕਰਿ ਨਹਿਂ ਸਕਹਿਂ ਇਸਹਿ ਪਰਕਾਸ਼।'
ਸੁਨਿ ਕੈ ਬਾਕ ਸਭਾਸਦ ਸਾਰੇ।
ਸਤਿਕਾਰਿਤ ਕਰ ਜੋਰਿ ਉਚਾਰੇ ॥੩੦॥
'ਜੋ ਅਭਿਲਾਖਾ ਹੋਇ ਤੁਮਾਰੀ।
ਪੂਰਵਹੁ ਸਗਲੀ ਬਿਨਾਂ ਅਵਾਰੀ।
ਜੇ ਜਮਨਾ ਕਉ ਚਹਿਤ ਹਟਾਈ।
ਸੋਪਿ ਲੇਤਿ ਕਰਿ ਰਚਹਿ ਉਪਾਈ ॥੩੧॥
ਅਰੁ ਇਹ ਤਾਲ ਅਲਪ ਹੈ ਬਾਤ।
ਕਰਹੁ ਪੁਰਾਵਾਨ ਅਬਿ ਬੱਖਜਾਤ।
ਰਾਵਰਿ ਹੁਕਮ ਦੇਨਿ ਕੀ ਦੇਰੀ।
ਪੂਰਨ ਹੋਇ, ਆਪ ਲਿਹੁ ਹੇਰੀ ॥੩੨॥
ਇਸ ਕੇ ਪੂਰਨ ਬਿਨਾ ਕਰਾਏ।
ਹੋਵਹਿਂ ਪੁਨ ਮੰਦਰ ਸਮੁਦਾਏ।
ਬਡੋ ਹਿੰਦੂਅਨਿ ਕੋ ਇਹ ਥੰਭਾ।
ਹੇਰਿ ਹੇਰਿ ਜਲ ਮਾਨਿ ਅਚੰਭਾ[1] ॥੩੩॥

[1]ਜਲ (ਦੀ ਡੂੰਘਾਈ ਨੂੰ) ਦੇਖ ਦੇਖ ਕੇ ਮੰਨਦੇ ਹਨ ਅਚੰਭਾ।

ਜੁ ਕਿਛੁ ਮਨੋਰਥ ਰਾਵਰ ਕੇਰਾ।
ਸੋ ਖ਼ੁਦਾਇ ਪੂਰਹਿ ਬਿਨ ਦੇਰਾ।'
ਇਮ ਨੁਰੰਗ ਸੁਨਿ ਹਰਖ ਉਪਾਯੋ।
'ਡਾਰਹੁ ਮ੍ਰਿਤਕਾ' ਹੁਕਮ ਅਲਾਯੋ ॥੩੪॥
'ਇਸ ਬਿਨ ਪੂਰੇ ਮੈਂ ਨਹਿਂ ਜਾਨਾ।
ਨਿਜ ਹਜ਼ੂਰ ਹੇਰੋਂ ਇਸਥਾਨਾ।
ਬਹੁਤ ਮਿਹਨਤੀ ਦੇਹੁ ਲਗਾਇ।
ਅਧਿਕ ਮਜੂਰੀ ਤਿਨਹਿ ਦਿਵਾਇ ॥੩੫॥
ਮ੍ਰਿਤਕਾ ਤੇ ਜਬਿ ਹ੍ਵੈ ਹੈ ਪੂਰਨ।
ਬਹੁ ਮਾਨਵ ਤੇ ਥਲ ਸਮ ਤੂਰਨ।
ਅਪਨੋ ਡੇਰਾ ਬੀਚ ਲਗਾਇ।
ਏਕ ਨਿਸਾ ਬਸਿ ਕੇ ਇਸ ਥਾਇਂ ॥੩੬॥
ਪੁਨ ਮੈਂ ਅਪਰ ਥਾਨ ਚਲਿ ਜੈ ਹੌਂ।
ਬੁਤ ਤੀਰਥ ਸਗਰੇ ਮਿਟਵੈ ਹੌਂ।
ਸਭ ਜਗ ਕਰੌਂ ਏਕ ਤੁਰਕਾਨਾ।

ਧਰਮ ਹਿੰਦਾਨਿ ਕਰੌਂ ਸਭਿ ਹਾਨਾ'
॥੩੭॥
ਇਮ ਕਹਿ ਨੌਰੰਗ ਸਭਿ ਸੋਂ ਬਾਨਿ[1†]। [1]ਬਾਣੀ। [†]ਪਾ:-ਥਾਨ।
ਕਰੀ ਤਗੀਦ ਸ਼ੀਘ੍ਰਤਾਵਾਨ[1]। [1]ਕਾਹਲੀ ਵਾਲੀ।
'ਅਪਨੇ ਅਪਨੇ ਲਾਇ ਮਜੂਰ।
ਨਿਜ ਨਿਜ ਦਿਸ਼ਿ ਤੇ ਕੀਜਹਿ ਪੂਰ'
॥੩੮॥
ਇਮ ਸੁਨਿ ਕੈ ਨਰ ਸਭਿਨਿ ਬੁਲਾਏ।
ਦੇ ਦੇ ਦਰਬ ਕਾਰ ਤਿਸ ਲਾਏ।
ਪਰਹਿਂ[1] ਟੋਕਰੀ, ਪੂਰਨ ਕਰਹਿਂ। [1]ਤਲਾ ਵਿਚ) ਪੈਂਦੀਆਂ ਹਨ।
ਇਤ ਉਤ ਕਰਤਿ ਸ਼ੀਘ੍ਰਤਾ ਫਿਰਹਿ
॥੩੯॥
ਹੁਕਮ ਸ਼ਾਹ ਕੋ 'ਕਰਨਿ ਸ਼ਿਤਾਬੀ।
ਕਰਹੁ ਤਾਲ ਸਕਲੋ ਬਿਨ ਆਬੀ[1]।' [1]ਪਾਣੀ ਬਿਨਾ।
ਨਿਜ ਨਿਜ ਦਿਸ਼ਿ ਸੂਬ ਹੁਇ ਖਰੇ।
ਕਾਰ ਕਰਾਵਹਿ ਤੂਰਨ ਕਰੇ ॥੪੦॥
ਅਪਨਿ ਅਧਿਖਤਾ ਕੋ ਦਿਖਰਾਇ।
ਚਹੈਂ ਪ੍ਰਸੰਨਤਾ ਸ਼ਾਹੁ ਉਪਾਇ।
ਲਗੇ ਮਜੂਰ ਹਜ਼ਾਰਹੁਂ ਕਾਰ।
ਕਰਤਿ ਸ਼ੀਘ੍ਰਤਾ ਮ੍ਰਿਤਕਾ ਡਾਰਿ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਤੁਰਕ ਪੁਸ਼ਕਰ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅਸੂੰ ॥੨੮॥

੨੯. [ਪੁਸ਼ਕਰ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:
ਪੁਸ਼ਕਰ ਕੇ ਪੂਰਨ ਬਿਖੈ ਸਭਿ ਮਿਲਿ ਕੀਨਿ ਉਪਾਇ।
ਲਗੇ ਮਜੂਰ ਸਹੰਸ੍ਰ ਹੀ ਪੂਰਹਿਂ ਰੌਰ ਮਚਾਇ ॥੧॥

ਚੌਪਈ:
ਇਕ ਪਾਟੈਂ, ਇਕ ਮ੍ਰਿਤਕਾ ਆਨੈ।
ਇਕ ਉਠਾਇ, ਇਕ ਸ਼ੀਘ੍ਰ ਪਯਾਨੈਂ।
ਇਕ ਲੇ ਛਟੀ ਕਹਨਿ ਪਰ ਖਰੇ।
ਇਕ ਧਨ ਦੇਹਿਂ ਕਹੈਂ ਲਿਹੁ ਭਰੇ ॥੨॥
ਤੀਰਥ ਤੀਰ ਖਰੇ ਇਕ ਹੇਰੈਂ।
ਸ਼ਾਹੁ ਸੁਨਾਇ ਸ਼ੀਘ੍ਰ ਇਕ ਪ੍ਰੇਰੈਂ।
ਜਲ ਮਹਿਂ ਪਰੈ ਮ੍ਰਿੱਤਕਾ ਗਰੈ[1]। [1]ਗਲ ਜਾਂਦੀ ਹੈ।
ਉਛਲਹਿ ਅਧਿਕ, ਫਨ[1] ਬਹੁ ਕਰੇ ॥੩॥ [1]ਝੱਗ।
ਚਹੁੰ ਓਰ ਪੁਸ਼ਕਰ ਕੇ ਭੀਰ।
ਲਾਖਹੁੰ ਲੋਕ ਬਿਲੋਕਤਿ ਤੀਰ।
ਤ੍ਰਿਣ ਕਾਸ਼ਟ ਕੋ ਲਜਾਵਤ ਧਾਏ।
ਪਾਇ ਪਾਇ ਪੂਰਤਿ ਸਮੁਦਾਏ ॥੪॥
ਧਰੇ ਮ੍ਰਿੱਤਕਾ ਲੈ ਹੁਇ ਜਾਇ
ਤ੍ਰਿਣ ਕਾਸ਼ਟ ਕੋ ਆਨਹਿਂ ਪਾਇ[1]। [1]ਲਿਆ ਪਾਉਂਦੇ ਹਨ।
ਮਹਾਂ ਕੁਲਾਹਲ ਭਯੋ ਨਰਨਿ ਮਹਿਂ।
ਜਿਤ ਕਿਤ ਪੂਰਹਿਂ, ਪੂਰ ਨ ਹ੍ਵੈ ਰਹਿ[1] ॥੫॥ [1]ਭਰਦੇ ਹਨ (ਤਲਾ) ਪਰ ਭਰਦਾ ਨਹੀਂ।
ਲਾਖਹੁੰ ਦਰਬ ਖਰਚ ਕਰਿਵਾਇਵ।
ਦੇਤਿ ਮਜੂਰੀ ਸਭਿਨਿ ਬੁਲਾਇਵ।
ਸੁਨਿ ਸੁਨਿ ਗ੍ਰਾਮ ਨਗਰ ਮਹਿਂ ਸਾਰੇ।
ਧਾਇ ਧਾਇ ਪਹੁਚਹਿਂ ਬਲਵਾਰੇ ॥੬॥
ਅਧਿਕ ਮਜੂਰੀ ਪਾਵਨਿ ਕਰਿਹੀਂ।
ਸ਼ਾਹਿ ਕੋਸ਼ ਤੇ ਦਰਬ ਨਿਕਰਿਹੀਂ।
ਦਿਨ ਪ੍ਰਤਿ ਸੰਧਯਾ ਕਉ ਸਭਿ ਲੇਤਿ।

ਬਹੁ ਨਰ ਬੈਠਹਿਂ ਗਿਨ ਗਿਨ ਦੇਤਿ ॥੭॥
ਕੇਤਿਕ ਦਿਵਸ ਬਿਤੀਤ ਗਏ ਹੈਂ।
ਰਿਦੈ ਕੰਤੂਹਲ ਸਭਿਨਿ ਭਏ ਹੈਂ।
ਅਨਿਕ ਉਪਾਵ ਕਰਤਿ ਹੀ ਹਾਰੇ।
ਤ੍ਰਿਣ ਮ੍ਰਿਤਕਾ ਕਾਸ਼ਟ ਗਨ ਡਾਰੇ ॥੮॥
ਕਹਾਂ ਪਰਹਿਂ ਖਪ ਜਾਹਿਂ ਕਿਥਾਈਂ।
ਕਿਧੋ ਉਠਾਵਹਿ[1] ਕੋ ਲੇ ਜਾਈ।
ਇਸ ਪ੍ਰਕਾਰ ਕਰਿ ਹੈਂ ਅਨੁਮਾਨੇ।
ਖਰਚ ਸੰਬੂਹ ਦਰਬ ਕੋ ਜਾਨੇਂ ॥੯॥
ਤਊ ਕਰਤਿ ਹਠ ਮੂਢ ਕੁਪੱਤੇ।
ਕਰਹਿਂ ਜਤਨ ਪ੍ਰੇਰੇ ਚਵਗੇਤੇ[1]।
ਲਾਖਹੁਂ ਨਰ ਅਕੁਲਾਇ ਰਹੇ ਹੈਂ।
'ਭਰਹੁ ਭਰਹੁ' ਮੁਖ ਬਾਕ ਕਹੇ ਹੈਂ ॥੧੦॥
ਫਿਰਹਿਂ ਜਤਨ ਕਰਤੇ ਚਹੁਂ ਓਰ।
ਆਵਹਿਂ ਜਾਹਿਂ ਉਠਾਵਹਿਂ ਸ਼ੋਰ।
ਕਿਤਿਕ ਦਿਵਸ ਗੁਜ਼ਰੇ ਇਮ ਜਬੈ।
ਇਕ ਦੁਇ ਥਲ ਊਚੇ ਦਿਖਿ ਤਬੈ ॥੧੧॥
ਹਰਖ ਭਰਯੋ ਨੌਰੰਗ ਉਰ ਮਾਂਹਿ।
ਕਹਯੋ ਅਪਨਿ ਲੋਕਨਿ ਕੇ ਪਾਹਿ।
'ਸ਼ਮਿਯਾਨੇ ਤੰਬੂ ਮਮ ਡੇਰਾ।
ਦਿਹੁ ਲਗਾਇ ਨਹਿਂ ਕੀਜਹਿ ਦੇਰਾ ॥੧੨॥
ਕਰੌਂ ਸੈਨ ਕੋ ਰੈਨ ਮਝਾਰ।
ਪੁਰਵੌਂ ਪੈਜ ਅਪਨਿ ਇਸ ਬਾਰ[1]।
ਬਹੁਰ ਕੂਚ ਕਰਿ ਹੈਂ ਹਮ ਕਾਲੀ।
ਪੁਰਵਾਵਹੁ ਇਹੁ ਤਾਲ ਉਤਾਲੀ' ॥੧੩॥
ਸੁਨਿ ਫਰਾਸ਼[1] ਨੇ ਲਾਯਹੁ ਡੇਰਾ।
ਜਰੀਦੋਜ਼[1] ਸੁਠ ਮਖਮਲ ਕੇਰਾ।
ਸੁੰਦਰ ਲਗੀ ਕਨਾਤ ਬਨਾਤੀ।
ਤਾਨਿ ਬਿਤਾਨ[1] ਰੰਗ ਬਹੁ ਭਾਂਤੀ ॥੧੪॥
ਰੇਸ਼ਮ ਕੀ ਦੀਰਘ ਗਨ ਡੋਰੈਂ।
ਗੁੰਫੇ ਜ਼ਰੀਦਾਰ ਚਹੁਂ ਓਰੈਂ।

[1]ਉਠਾਕੇ।
[1]ਨੁਰੰਗੇ ਦੇ ਪ੍ਰੇਰੇ ਹੋਏ।
[1]ਆਪਣਾ ਪ੍ਰਣ ਇਸ ਵਾਰੀ ਪੂਰਾ ਕਰ ਲਵਾਂ।
[1]ਫਰਸ਼ ਕਰਨ ਵਾਲੇ ਨੇ।
[1]ਜ਼ਰੀਦਾਰ।
[1]ਚੰਦੋਆ।

ਊਪਰ ਕੰਚਨ ਕਲਸ ਬਨਾਏ।
ਚਮਤਕਾਰ ਚਹੁੰਦਿਸ਼ਿ ਛਬਿ ਛਾਏ
॥੧੫॥
ਚਾਰ ਘਟੀ ਜਬਿ ਦਿਵਸਿ ਲਹਯੋ ਹੈ।
ਨੌਰੰਗ ਬਾਦੀ ਜਾਇ ਰਹਯੋ ਹੈ।
ਅਪਰ ਸਮਾਜ ਸਮੀਪੀ ਕੇਰੇ।
ਲੇ ਕਰਿ ਸਕਲ ਧਰੇ ਵਿਚ ਡੇਰੇ ॥੧੬॥
ਫਰਸ਼ ਅਨੇਕ ਰੀਤਿ ਕੇ ਕਰੇ।
ਕੰਚਨ ਰਜਤ ਸੁ ਬਾਸਨ ਧਰੇ।
ਭਈ ਸੰਝ ਖਾਨੇ ਕਹੁ ਖਾਇ।
ਪਰਯੋ ਮੰਦਮਤਿ ਚੌਂਪ ਬਢਾਇ ॥੧੭॥
ਸੁਖ ਸੋਂ ਸੁਪਤਯੋ ਨਿਸ ਕੋ ਪਾਇ।
ਗਾਢੋ ਅੰਧਕਾਰ ਜਗ ਛਾਇ।
ਨਿਜ ਨਿਜ ਸਿਵਰ ਪਰੇ ਸਭਿ ਕੋਈ।
ਹਿੰਦੂ ਮਿਲੇ ਭਜਹਿਂ ਪ੍ਰਭੁ ਸੋਈ ॥੧੮॥
ਅਰਧ ਜਾਮਨੀ ਜਬਹਿ ਬਿਤਾਈ।
ਉਮਡਯੋ ਜਲ ਪਸਰਯੋ ਸਭਿ ਥਾਈਂ।
ਏਕ ਬਾਰ ਹੀ ਬਾਰ[1] ਉਛਾਲਾ[†]।
ਲੇਨਿ ਨ ਦੀਨਸਿ ਕਿਸਹਿ ਸੰਭਾਲਾ
॥੧੯॥
ਪੂਰਬ ਨੌਰੰਗ ਸੁਪਤਯੋ ਜਹਾਂ।
ਪਸਰ ਗਯੋ[1] ਇਕਬਾਰਹਿ ਤਹਾਂ।
ਗਿਲਮ ਗਲੀਚੇ ਫਰਸ਼ ਬਿਸਾਲਾ।
ਸਭਿ ਪਰ ਜਲ ਪ੍ਰਵਾਹ ਤੇ ਚਾਲਾ ॥੨੦॥
ਜਾਗਤਿ ਨਰ ਨੇ ਨੀਰ ਨਿਹਾਰਾ।
ਸ਼ਾਹ ਸੰਗ ਧੁਨਿ ਊਚ ਪੁਕਾਰਾ।
'ਜਲ ਬਹੁ ਚਢਯੋ ਜਾਇ ਚਲਿ ਆਵਤਿ।
ਕਰਹੁ ਸੰਭਾਲ ਉਠਹੁ ਉਤਲਾਵਤ'
॥੨੧॥
ਸੁਨਤੇ ਤੁਰਤ ਮਤੰਗ ਅਰੂਢਾ।
ਭਾਗ ਚਲਯੋ ਬਿਹਬਲ ਮਤਿ ਮੂਢਾ।
ਸਰਬ ਸਮਾਜ ਬੂਡ ਕਰਿ ਗਯੋ।

[1]ਪਾਣੀ। [†]ਪਾ:-ਜਲ ਚਢਯੋ ਉਛਾਲਾ।

[1]ਜਲ) ਪਸਰ ਗਿਆ।

ਨਹੀਂ ਸੰਭਾਰਨਿ ਕਿਨ ਹੂੰ ਕਿਯੋ ॥੨੨॥
ਧਰੇ ਤ੍ਰਾਸ ਕੋ ਭਾਗਤਿ ਬੀਬੀ[1]।
ਨਹਿਂ ਸੁਧ ਰਹੀ ਬੰਧਿਬੇ ਨੀਬੀ[1]।
ਦਾਸੀ ਖਾਸੀ[1] ਚਲੀ ਪਲਾਇ।
ਅਨਿਕ ਮਸਾਲੈਂ ਲਈ ਜਰਾਇ ॥੨੩॥
ਬ੍ਰਿੰਦ ਮਤਾਬੀ ਆਗ ਲਗਾਈ।
ਭਯੋ ਪ੍ਰਕਾਸ਼ ਦਿਵਸ ਕੀ ਨਜਾਈਂ।
ਹੇਰਿ ਹੇਰਿ ਥਲ ਊਚੇ ਗਏ।
ਨਿੰਮ੍ਰਿ ਸਥਲ ਪਰ ਪੁਲਤੈ ਭਏ[1] ॥੨੪॥

[1]ਭਾਵ ਬੇਗਮ।

[1]ਨਾਲਾ ਬੰਨ੍ਹਣ ਦੀ [ਸੰਸ. ਨੀਵਿ]

[1]ਖਾਸ ਦਾਸੀ। (ਅ) ਬਹੁਤੀਆਂ ਦਾਸੀਆਂ [ਪੰ: ਖਾਸੀ = ਬਹੁਤੀ]

[1]ਨੀਵੇਂ ਥਾਂ ਸਾਰੇ ਭਰ ਗਏ (ਪਾਣੀ ਨਾਲ) [ਸੰਸ. ਪਰਿਪਲੁਤ। (ਅ) ਦੇਖਦੇ ਹਨ ਕਿ ਜੋ ਥਾਂ ਉੱਚੇ ਹੋ ਗਏ ਸਨ (ਮਿੱਟੀ ਪਾਉਣ ਨਾਲ) ਉਹ ਥਲ ਨੀਵੇਂ ਪੈਕੇ ਚਿੱਕੜ ਹੋ ਗਏ ਹਨ [ਸੰਸ. ਪੁਲਿਨ = ਉਹ ਚਿੱਕੜ ਵਾਲਾ ਥਾਂ ਜੋ ਨਦੀ ਦੇ ਕਿਨਾਰੇ ਨਵੇਂ ਪਾਣੀ ਪੈਣ, ਯਾ ਚੜ੍ਹੇ ਪਾਣੀ ਦੇ ਹੱਟਣ ਨਾਲ ਦਲਦਲ ਜਿਹਾ ਹੋ ਜਾਂਦਾ ਹੈ]

ਹਾਥੀ ਪਰ ਹੌਦਾ ਨਹਿਂ ਪਰੇ।
ਬਹੇ ਜਾਹਿਂ ਕਿਨਹੂੰ ਨਹਿਂ ਧਰੇ।
ਜ਼ੀਨ ਤੁਰੰਗਨਿ ਕੇ ਬਹਿ ਚਾਲੇ।
ਸ਼ਸਤ੍ਰ ਬਸਤ੍ਰ ਕਿਨਹੂੰ ਨ ਸੰਭਾਲੇ ॥੨੫॥
ਕੂਕ ਪੁਕਾਰਤਿ ਮਾਚਯੋ ਰੌਰਾ।
ਖਰੇ ਹੋਇਂ ਨਹਿਂ ਨਿਜ ਨਿਜ ਠੌਰਾ।
ਪੁਸ਼ਕਰ ਤੀਰਥ ਰਿਸ ਬਹੁ ਕੀਨਿਸਿ।
ਸਭਿ ਲਸ਼ਕਰ ਕਉ ਸੰਕਟ ਦੀਨਸਿ ॥੨੬॥
ਐਸੋ ਨੀਰ ਉਛਾਰਯੋ ਨਿਜ ਤੇ।
ਬਯਾਕੁਲ ਭਏ ਤੁਰਕ ਗਨ ਭਜਤੇ।
ਨਿੰਮ੍ਰਿ ਸਥਲ ਤੇ ਬੂਡੇ ਘਨੇ।
ਸਹਿਤ ਸਮਾਜ ਨ ਨਿਕਸਨਿ ਬਨੇ ॥੨੭॥
ਅੰਨ ਲਵਨ ਮਿਸ਼ਟਾਨ ਮਹਾਨ।
ਇੱਤਯਾਦਿਕ ਸੌਜਨਿ ਕਰਿ ਹਾਨਿ।
ਕਹਿਂ ਲੌ ਗਨੌਂ ਸਮਾਜ ਬਿਸਾਲਾ।
ਸ਼ਾਹੁ ਸੈਨ ਕੋ ਬਹਿ ਕਰਿ ਚਾਲਾ ॥੨੮॥
ਬਡ ਅਪਦਾ ਤੁਰਕਨਿ ਪਰ ਆਈ।

ਪੁਸ਼ਕਰ ਨੇ ਕੀਨਸਿ ਬਿਕੁਲਾਈ।
ਤੀਰਥ ਮਾਂਹਿ ਮਹਾਤਮ ਮਹਾਂ।
ਮਹਾਂ ਪ੍ਰਤਾਪਵੰਤ ਅਘ ਦਹਾ ॥੨੯॥
ਪੂਰਬ ਸਤਿਜੁਗ ਕੇਰ ਮਝਾਰ।
ਕਮਲਾਸਨ ਸ਼ੁਭ ਰਚਜੋ ਉਦਾਰ।
ਤੀਨ ਲੋਕ ਮਹਿਂ ਬਿਦਤ ਸੁਜਸੁ ਹੈ।
ਜਿਹ ਸ਼ਨਾਨ ਤੇ ਕਲਮਲ ਨਸਿ ਹੈਂ
॥੩੦॥
ਤੁਰਕ ਅਵੱਗਜਾ ਕੀਨਸਿ ਭਾਰੀ।
ਦਿਯੰ ਦੰਡ ਨਹਿਂ ਸਕਜੋ ਸਹਾਰੀ।
ਬਹੁ ਬਿਹਾਲ ਲਸ਼ਕਰ ਕਉ ਹੇਰਾ।
ਹਾਹਾਕਾਰ ਸੁਨਜੋ ਤਿਸ ਬੇਰਾ ॥੩੧॥
-ਸਹਤ ਸਮਾਜ ਨਾਸ਼ ਕਹੁ ਪਾਵੈਂ।
ਜਲ ਤੇ ਨਹੀਂ ਬਚਹਿਂ, ਕਿਤ ਜਾਵੈਂ-।
ਇਮ ਨੌਰੰਗ ਚਿਤਵਤ ਚਿਤ ਮਾਂਹੀ।
-ਕੋ ਉਪਚਾਰ ਬਨੈ ਅਬਿ ਨਾਂਹੀ ॥੩੨॥
ਦਿਵਸ ਨਹੀਂ, ਮੁਸ਼ਕਲ ਅਬਿ ਯਾਂ ਤੇ।
ਸੁਧ ਨ ਸੰਭਾਰਿ ਸਕਹਿਂ ਨਰ ਜਾਤੇ।
ਕਿਮ ਦਲ ਸੰਕਟ ਸਕਲ ਬਿਦਾਰਉ।
ਕਿਤ ਮਜੂਰ ਲਾਵਉਂ[1] ਜਲ ਟਾਰਉਂ
॥੩੩॥
ਕਿਤ ਤੇ ਉਛਰਜੋ ਪਸਰਜੋ ਜਾਈ।
ਸੋ ਥਲ ਨਿਸ ਮਹਿਂ ਲਖਜੋ ਨ ਜਾਈ।
ਅਪਰ ਉਪਾਇ ਨ ਹੁਇ ਇਸ ਕਾਲਾ-।
ਖਰੋ ਤੁਰਕ ਪਤਿ ਚਿੰਤ ਬਿਸਾਲਾ ॥੩੪॥
ਲਖਜੋ ਮਹਾਤਮ ਤੀਰਥ ਕੇਰਾ।
-ਜਲ ਉਛਾਲਿ ਡੋਬਤਿ ਮਮ ਡੇਰਾ।
ਕਰਨੀ ਬਿਨੈ ਅਬਹਿ ਬਨਿ ਆਵੈ।
ਹੁਇ ਪ੍ਰਸੰਨ ਦਲ ਮੋਰ ਬਚਾਵੈ ॥੩੫॥
ਅਜ਼ਮਤਵਾਨ ਮਹਾਨ ਸੁਜਾਨਾ-।
ਭਯੋ ਦੀਨ ਜੋਰਤਿ ਜੁਗ ਪਾਨਾ।
'ਛਿਮਹੁ ਅਵੱਗਜਾ ਮੈਂ ਨਹਿਂ ਜਾਨਜੋ।

[1]ਕਿਸ ਪਾਸੋਂ ਮਜਰ ਲਾਕੇ।

ਮਹਾਂ ਸ਼ਕਤਿ ਕੇ ਸਹਤਿ ਪਛਾਨਜੋ ॥੩੬॥
ਸਭਿ ਤੀਰਥ ਮੈਂ ਤੁਵ ਬਡਿਆਈ।
ਬਿਦਤ ਮਹਦ ਅਬਿ ਹੋਹਿ ਸਵਾਈ।
ਜਿਤੋ ਬਿਗਾਰ ਆਨਿ ਮੈਂ ਕਰਜੋ।
ਗਨ ਮੰਦਿਰ ਕੋ ਮੂਲ ਉਖਰਜੋ ॥੩੭॥
ਸੋ ਰਚਨਾ ਅਬਿ ਫੇਰ ਬਨਾਵਉਂ।
ਮ੍ਰਿਤਕਾ ਗੇਰੀ ਸੋ ਕਢਿਵਾਵਉਂ।
ਤਵ ਨਮਿਤ ਕਰਿ ਭੋਜਨ ਦੇਵੋਂ।
ਜੀਵਤਿ ਰਹੌਂ ਸੁ ਤਾਵਦ ਸੇਵੌਂ' ॥੩੮॥
ਭਯੋ ਦੀਨ ਇੱਤਜਾਦਿਕ ਕਹਿ ਕਹਿ।
ਗਜ ਤੇ ਉਤਰਿ ਨਮੋ ਕਿਯ ਮਹਿ ਮਹਿ[1]। [1]ਧਰਤੀ ਤੇ।
ਪੁਨ ਪੁਸ਼ਕਰ ਜਲ ਥੋਰੇ ਕੀਨਸਿ।
ਸਿਮਟਜੋ ਭਯੋ ਆਇ ਬਿਚ ਲੀਨਸਿ ॥੩੯॥
ਹੜ੍ਹ ਕੇ ਜਲ ਸਮ ਉਤਰਿ ਗਯੋ ਹੈ।
ਪੁਨ ਲਸ਼ਕਰ ਟਿਕ ਸਥਲ ਭਯੋ ਹੈ।
ਭੀਗੇ ਗਹਿ ਗਹਿ ਬਸਤ੍ਰ ਨਿਚੋਰਤਿ।
ਇਤ ਉਤ ਫਿਰ ਫਿਰ ਸ਼ਸਤ੍ਰਨਿ ਟੋਰਤਿ ॥੪੦॥
ਕਹੌਂ ਕਹਾਂ ਲਗਿ ਸੰਕਟ ਦਲ ਕੋ।
ਟਿਕੇ ਸਕਲ ਪਿਖਿ ਨਿਜ ਨਿਜ ਥਲ ਕੋ।
ਬਡੇ ਕਸ਼ਟ ਸੋਂ ਨਿਸਾ ਬਿਤਾਈ।
ਜਾਗਤਿ ਹੀ ਪ੍ਰਭਾਤਿ ਹੁਇ ਆਈ ॥੪੧॥
ਸਕਲ ਦਰੋਗ਼ੇ ਸ਼ਾਹੁ ਹਕਾਰੇ।
ਤੂਰਨ ਤਿਨ ਪ੍ਰਤਿ ਹੁਕਮ ਉਚਾਰੇ।
'ਆਗੇ ਤੇ ਦਿਹੁ ਦੁਗਨਿ ਮਜੂਰੀ।
ਨਿਕਸਾਵਹੁ ਮ੍ਰਿਤਕਾ ਕਰਿ ਦੂਰੀ ॥੪੨॥
ਮੰਦਿਰ ਬਿਸਦ ਬਿਲੰਦ ਬਿਦਾਰਜੋ।
ਜਿਸ ਪ੍ਰਕਾਰ ਸੋਂ ਪ੍ਰਥਮ ਨਿਹਾਰਜੋ।
ਉਸਰਾਵਹੁ ਤਸ ਬਿਧਿ ਕਰਿ ਤਜਾਰੀ।

ਅਪਰ ਚਿਨਾਵਹੁ ਬਿਲਮ ਬਿਸਾਰੀ'
॥੪੩॥
ਇਮ ਕਹਿ ਤਹਿਂ ਕੇ ਬਿੱਪ੍ਰ ਬੁਲਾਏ।
ਦਿਯੋ ਦਾਨ ਭੋਜਨ ਅਚਵਾਏ।
ਕਾਰ ਕਾਰ ਪਰ ਕਰਿ ਨਰ ਖਰੇ[1]। [1]ਅੱਡ ਅੱਡ) ਕੰਮਾਂ ਕਾਜਾਂ ਤੇ ਆਦਮੀ ਖੜੇ ਕਰਕੇ।
ਸੌਂਪਿ ਕਹਜੋ 'ਤੂਰਨ ਲਿਹੁ ਕਰੇ ॥੪੪॥
ਰਚਨਾ ਤੈਸੀ ਦਿਹੁ ਬਨਵਾਇ।
ਬ੍ਰਿੰਦ ਮਜੂਰਨਿ ਅਬਿ ਲਗਵਾਇ।
ਪੁਸ਼ਕਰ ਮੈਂ ਅਜ਼ਮਤ ਯੁਤਿ ਜਾਨਾ।
ਇਸ ਮਹਿਂ ਨਹਿਂ ਪਖੰਡ ਕਛੁ ਛਾਨਾ[1]' [1]ਕੁਛ ਪਖੰਡ ਲੁਕਿਆ ਨਹੀਂ।
॥੪੫॥
ਇਮ ਕਹਿ ਸ਼ਾਹ ਕਰੀ ਅਸਵਾਰੀ।
ਗਮਨਜੋ ਮਾਰਗ ਬਿਲਮ ਬਿਸਾਰੀ।
ਜਹਿਂ ਅਜਮੇਰ ਸਮੀਪ ਸਥਾਨਾ।
ਤਹਾਂ ਜਾਇ ਉਤਰਜੋ ਦਲ ਨਾਨਾ ॥੪੬॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਪੁਸ਼ਕਰ' ਪ੍ਰਸੰਗ ਬਰਨਨੰ ਨਾਮ ਉਨਤ੍ਰਿਸੰਤੀ ਅੰਸੂ ॥੨੯॥

੩੦. [ਅਜਮੇਰ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਆਜ ਲਗੌਂ ਪੁਸ਼ਕਰ ਬਿਖੈ,
ਇਸ ਪ੍ਰਸੰਗ ਕੇ ਚਿੰਨ੍ਹ।
ਪ੍ਰਗਟ ਮਹਾਤਮ ਜਗਤ ਮਹਿਂ,
ਕਰਜੋ ਤੁਰਕਪਤਿ ਛਿੰਨ[1]† ॥੧॥

[1]ਰੌਲਾ, ਲੱਜਿਤ।

†ਇਸਤੋਂ ਪਤਾ ਲੱਗਾ ਕਿ ਕਵੀ ਜੀ ਨੇ ਇਹ ਪ੍ਰਸੰਗ ਆਪ ਪੁਸ਼ਕਰ ਜਾਕੇ ਸੁਣਿਆਂ ਤੇ ਰਵਾਯਤ ਵਰਣਨ ਕਰਨ ਵਾਲਿਆਂ ਦੇ ਦੱਸੇ ਨਿਸ਼ਾਨ ਦੇਖੇ। ਇਸ ਵਿਚ ਸ਼ੱਕ ਨਹੀਂ ਕਿ ਪੁਸ਼ਕਰ ਨੂੰ ਪੂਰ ਦੇਣ ਦੀ ਮੂਰਖਤਾ ਔਰੰਗਜ਼ੇਬ ਨੇ ਕੀਤੀ ਹੋਵੇ। ਉਹ ਅਤਿ ਦਾ ਤਅੱਸਬੀ ਤੇ ਤੰਗ ਦਿਲ ਸੀ। ਪੁਸ਼ਕਰ ਇੱਕ ਕੁਦਰਤੀ ਅਥਾਹ ਜਲ ਦੀ ਝੀਲ ਹੈ, ਉਸਦਾ ਪੂਰਿਆ ਜਾਣਾ ਕੋਈ ਮਖੌਲ ਨਹੀਂ। ਉਸਦੇ ਉਥੇ ਹੁੰਦਿਆਂ, ਬਰਖਾ ਲਹਿਕੇ ਲਾਗੇ ਦੇ ਪਹਾੜਾਂ ਦਾ ਜਲ ਹੜ੍ਹ ਬੰਨ੍ਹਕੇ ਆ ਜਾਣਾਂ, ਪਾਣੀ ਮਿੱਟੀ ਦਾ ਬੈਠ ਜਾਕੇ ਪੁਲਿਨ ਬਨ ਜਾਣਾਂ, ਸਾਰੀਆਂ ਗੱਲਾਂ ਹੋ ਸਕਦੀਆਂ ਹਨ। ਔਰਗਜ਼ੇਬ ਨੇ ਆਪਣੇ ਵਕਤ ਇਤਿਹਾਸ ਲਿਖਣੇ ਦੀ ਬੀ ਰੋਕ ਕੀਤੀ ਸੀ, ਇਸ ਕਰਕੇ ਸ਼ਾਇਦ ਮੁਸਲਮਾਨ ਮੁਅੱਰਖਾਂ ਦੇ ਲੇਖ ਵਿੱਚ ਇਹ ਗੱਲ ਨਾ ਆਈ ਹੋਵੇ, ਤੇ ਜਿੱਥੇ ਹੋਣੀ ਹੋਈ ਹੈ, ਉਥੇ ਰਵਾਯਤਾਂ ਕੁਛ ਵਧ ਘਟਕੇ ਕੁਛ ਸੱਚੇ ਵਾਕਿਆਂ ਤੇ ਨਿਰਭਰ ਤੇ ਜਾਰੀ ਹੋਵੇਗੀ, ਰਵਾਯਤਾਂ ਇਸ ਤਰ੍ਹਾਂ ਹੀ ਹੁੰਦੀਆਂ ਹਨ। ਪਰ ਔਰੰਗਜ਼ੇਬ ਵਰਗੇ ਕੱਟਰ ਨੂੰ ਇਹ ਨਿਸ਼ਚਾ ਆ ਜਾਣਾਂ ਕਿ ਤੀਰਥ ਨੇ ਕੋਪ ਕੀਤਾ ਹੈ ਤੇ ਇਮਾਨ ਲੈ ਆਵੇ ਅਨਹੋਣੀ ਬਾਤ ਹੈ, ਉਹ ਤਾਂ ਅੰਦਰੋਂ ਦੀਨਦਾਰ ਮੁਸਲਮਾਨ ਭੀ ਨਹੀਂ ਸੀ, ਸ਼ਰ੍ਹਾ ਤੇ ਦੀਨ ਤਾਂ ਉਸਨੇ ਪਰਦੇ ਬਨਾਏ ਹੋਏ ਸਨ ਆਪਣੀ ਚਾਲਬਾਜ਼ੀ ਨੂੰ ਢੱਕਣ ਲਈ ਤੇ ਮੁਸਲਮਾਨਾਂ ਨੂੰ ਖੁਸ਼ ਕਰਕੇ ਆਪਣੀ ਰਾਜਸੀ (ਪੁਲੀਟੀਕਲ) ਤਾਕਤ ਨੂੰ ਸੰਘਠਣ ਕਰਨ ਲਈ। ਉਸਨੇ ਸ਼ਰਈ ਮੁਸਲਮਾਨ ਹੋਣ ਦਾ ਤਾਂ ਇਕ ਜਾਮਾ ਪਾਇਆ ਹੋਇਆ ਸੀ। ਹਿੰਦੂਆਂ ਦੀ ਨਿਰਬਲਤਾ ਦਾ ਜਾਣੂੰ ਸੀ ਤੇ ਜਬਰੀ ਦੀਨ ਵਿਚ ਲੈ ਆਉਣ ਨਾਲ ਉਹ ਆਪਣੀ ਇਸਲਾਮੀ ਰਾਜਸੀ ਤਾਕਤ ਦਾ ਵਾਧਾ ਸਮਝਦਾ ਸੀ। ਕਵਿ ਜੀ ਨੇ ਬੀ ਪਾਂਡਿਆਂ ਦੇ ਕਹੇ ਨੂੰ ਸੋਚ ਮੰਨ ਕੇ ਲਿਖ ਦਿੱਤਾ ਹੈ, ਆਪ ਵਿਸ਼ੇਸ਼ ਖੋਜ ਨਹੀਂ ਕਰ ਸਕੇ।

ਚੌਪਈ:

ਡੇਰੋ ਜਾਇ ਕਰਜੋ ਅਜਮੇਰ†।
ਉਤਰਜੋ ਲਸ਼ਕਰ ਜਾਇ ਬਡੇਰ।
ਏਕ ਜਾਮਨੀ ਕਰਿ ਕੈ ਬਾਸਾ।
ਮਾਰਤੰਡ ਜਬਿ ਭਯੋ ਪ੍ਰਕਾਸ਼ਾ ॥੨॥

†ਇਥੇ ਚਿਸ਼ਤੀ ਫਕੀਰਾਂ ਦਾ ਭਾਰੀ ਡੇਰਾ ਹੈ।

ਸਕਲ ਮੁਜਾਵਰ ਤਬਹਿ ਹਕਾਰੇ।
ਹਿਤ ਬੂਝਨਿ ਇਮ ਬਾਕ ਉਚਾਰੇ।
'ਤੁਮ ਨੇ ਕਜਾ ਇਹ ਦੰਭ ਕਮਾਯੋ?
ਕਰਿ ਬੰਚਕਤਾ[1] ਧਨ ਉਪਜਾਯੋ ॥੩॥

[1]ਠੱਗੀ।

ਮੋਰ ਕਮਾਨ ਚਢੀ ਨਹਿਂ ਕੈਸੇ[1]?

[1]ਮੇਰੀ ਕਮਾਨ ਕਿਉਂ ਨਾ ਚੜ੍ਹਾਈ (ਕਮਾਨ ਦਾ ਵੇਰਵਾ ਇਸੇ ਅੰਸੂ ਵਿਚ ਅੱਗੇ ਆਵੇਗਾ)।

ਦਾਹ ਸ਼ਕੋਹੁ ਕੇਰਿ ਕਿਯ ਜੈਸੇ[1]।

[1]ਦੀ ਜਿਵੇਂ (ਚੜ੍ਹਨੀ) ਕੀਤੀ ਸੀ।

ਸ਼ਾਹਿਜਹਾਂ ਕੇ ਸਾਥ ਬਖਾਨੀ।
-ਤਵ ਬੁਡ ਸੁਤ ਕੀ ਚਢੀ ਕਮਾਨੀ-
॥੪॥

ਭਯੋ ਪ੍ਰਸੰਨ ਜਿ ਤਿਸ ਪਰ ਖ੍ਵਾਜਾ[1]।
[1]ਖ੍ਵਾਜੇ ਦੀ ਖਾਨਕਾਹ ਹੈ ਇਹ ਮੰਦਰ।

ਮਿਸ ਕਮਾਨ ਕੇ ਬਿਦਤ ਨਿਵਾਜਾ[1]।
[1]ਕਮਾਨ ਦੇ ਬਹਾਨੇ ਜੋ ਪ੍ਰਗਟ ਵਡਿਆਇਆ ਸੀ (ਦਾਰਾਸ਼ਕੋਹ ਨੂੰ)।

ਤੌਂ ਪਤਿਸ਼ਾਹਿਤ ਕਯੋਂ ਨਹਿਂ ਪਾਈ[1]।
[1]ਭਾਵ (ਦਾਰਾ ਸ਼ਕੋਹ ਨੇ)।

ਭ੍ਰਮਤਿ ਮਰਯੋ ਕਿਛ ਹਾਥ ਨ ਆਈ ॥ ੫ ॥
ਤਖਤ ਬੈਠਿਬੋ ਮੋਹਿ ਨ ਅਯੋ।
ਨਹੀਂ ਨਿਵਾਜਯੋ ਸਭਿ ਨੇ ਲਹਯੋ[1]।
[1]ਤੁਹਾਡੇ ਹਿਸਾਬ ਤਾਂ) ਮੇਰੇ (ਭਾਗ ਵਿਚ) ਨਹੀਂ ਸੀ ਆਇਆ ਤਖਤ ਤੇ ਬੈਠਣਾਂ, (ਕਿਉਂਕਿ ਤੁਸਾਂ ਮੈਨੂੰ) ਨਹੀਂ ਸੀ ਨਿਵਾਜਿਆ, (ਇਹ) ਸਭ ਨੇ ਡਿੱਠਾ ਹੈ (ਪਰ ਦੱਸੋ ਕਿ ਕਿਉਂ)।

ਅਬਿ ਮੈਂ ਸਭਿ ਪਤਿਸ਼ਾਹਿਤ ਪਾਈ।
ਇਹ ਕਯਾ ਭਯੋ ਦੇਹੁ ਬਤਲਾਈ? ॥ ੬ ॥
ਯਾਂ ਤੇ ਮੈਂ ਜਾਨਤਿ ਹੌਂ ਐਸੇ।
ਤੁਮ ਹੀ ਕਰਹੁ ਦੰਭ ਕਿਛ ਕੈਸੇ।
ਕੈ ਤੁਮ ਦੀਜੈ ਸਾਚ ਬਤਾਇ।
ਨਾਂਹਿ ਤੇ ਮੈਂ ਦੇਖਵ ਪਤੀਆਇ' ॥ ੭ ॥
ਸਕਲ ਮੁਜਾਵਰ ਇਕਠੇ ਭਏ।
ਨਹਿਂ ਨੌਰੰਗ ਕੋ ਉੱਤਰ ਦਏ।
ਕਹੈਂ ਕਿ 'ਅਸ ਖੁਦਾਇ ਕੀ ਮਰਜ਼ੀ।
ਬਖ਼ਸ਼ਹਿ ਜਿਸਹਿ ਸੁਨਹਿ ਤਿਸ ਅਰਜ਼ੀ ॥ ੮ ॥
ਇਸੀ ਭਾਂਤਿ ਮੈਂ ਹਮਰੋ ਚਾਰਾ।
ਕਹਾਂ ਚਲਹਿ, ਚਿਤ ਲੇਹੁ ਬਿਚਾਰਾ।'
ਸਮੁਝਯੋ ਨੌਰੰਗ -ਬੋਲਹਿਂ ਪਾਜ[1]।
[1]ਝੂਠ।

ਹੈ ਇਨ ਦੰਭ ਲੇਨਿ ਧਨ ਕਾਜ- ॥ ੯ ॥
ਬੇਲਦਾਰ ਗਨ[1] ਲੀਏ ਬੁਲਾਇ।
[1]ਬਹੁਤੇ ਪੁੱਟਣ ਵਾਲੇ।

ਕਹਯੋ 'ਸਥਾਨ ਉਖਾਰਹੁ ਜਾਇ।'
ਇਕ ਦੁਇ ਸੰਗ ਕਰੇ ਉਮਰਾਵ।
'ਪਿਖਹੁ ਜਾਇ ਕਯਾ ਬਿਧਿ ਤਿਸ ਥਾਂਵ' ॥ ੧੦ ॥
ਹੁਕਮ ਪਾਇ ਨੌਰੰਗ ਕੇ ਗਏ।
ਥਲ ਅੰਤਰਿ ਕੋ ਖੋਦਤਿ ਭਏ।

ਹੁਤੋ ਪਾਜ ਕਛੁ ਤਨਕ ਉਖਾਰਾ।
ਤਤਛਿਨ ਤਹਿਂ ਪੋਲਾੜ ਨਿਹਾਰਾ ॥੧੧॥
ਖਨਨਿ ਲਗੇ ਜਬਿ ਤਿਸਹਿ ਅਗਾਰੀ।
ਦੀਰਘ ਸਭਿਹਿਨਿ ਸੁਰੰਗ ਨਿਹਾਰੀ।
ਤਿਸ ਕੋ ਪਾਟਤਿ ਜਬਿ ਕਿਛੁ ਗਏ।
ਘਰ ਮਜਾਵਰਨਿ ਕੋ ਜਹਿਂ ਥਿਏ ॥੧੨॥
ਤਿਨ ਮਹਿਂ ਗਈ ਸੁਰੰਗ ਅਗਾਰੇ।
ਛਪਯੋ ਜੁ ਪਰਦੋ ਕਰਯੋ ਉਘਾਰੇ।
ਕਹੂੰ ਮਹਿੰਮ ਚੜਹਿ ਜਬਿ ਸ਼ਾਹੂ।
ਕੈ ਪਤਿਸ਼ਾਹਿਤ ਦੈਨੀ ਕਾਂਹੂ ॥੧੩॥
ਇੱਤਜਾਦਿਕ ਜੇ ਕਾਜ ਮਹਾਨ।
ਦਿੱਲੀ ਪਤ ਆਵਤਿ ਇਸ ਥਾਨ।
ਕਰ ਜੋਰਹਿ ਬਡ ਦਰਬ ਚਢਾਇ।
ਜਿਸ ਕਾਰਜ ਮੈਂ ਸੰਸੈ ਪਾਇ ॥੧੪॥
ਤਿਸ ਹਿਤ ਅੰਤਰ ਧਰਹਿ ਕਮਾਨ।
'ਕਰਹਿਂ ਕਿ ਨਹੀਂ' ਸੰਕਲਪਹਿ ਠਾਨਿ।
ਸੁੰਦਰ ਮੰਦਿਰ ਅੰਦਰ ਧਰਹਿ।
ਪੁਨਹਿ ਕਪਾਟ ਅਸੰਜਤਿ ਕਰਹਿਂ[1] ॥੧੫॥

[1]ਤਖਤੇ ਬੰਦ ਕਰ ਦੇਣ।

ਪੁਨ ਗਾਢੇ ਦੇਂ ਕੁਲਫ ਲਗਾਇ।
ਦਰ ਪਰ ਪਹਿਰੂ ਰਹਿਂ ਸਮੁਦਾਇ।
ਨਿਜ ਘਰ ਤੇ ਸੁਰੰਗ ਕੇ ਰਾਹੂ।
ਜਾਇ ਮੁਜਾਵਰ ਮੰਦਿਰ ਮਾਹੂ ॥੧੬॥
ਅੰਦਰ ਦੇਹਿ ਕਮਾਨ ਚੜਾਇ।
ਇਸ ਬਿਧਿ ਰਾਖੀ ਬਣਤ ਬਨਾਇ।
ਕਰਹਿ ਮੰਨਤਾ ਸ਼ਾਹਿ ਘਨੇਰ।
ਅਪਰਨਿ ਕੀ ਕਜਾ ਗਿਨਤੀ ਫੇਰ ॥੧੭॥
ਇਮ ਅਜ਼ਮਤ ਕੋ ਤਹਾਂ ਜਨਾਵੈਂ।
ਸਿਦਕ ਸਹਿਤ ਪਿਖਿ ਦਰਬ ਚੜ੍ਹਾਵੈਂ।
ਜਬਿ ਸੁਰੰਗ ਘਰ ਪ੍ਰਵਿਸ਼ੀ ਜਾਇ।
ਬਹੁ ਦਿਨ ਕੀ ਜਿਮ ਬਨਤ ਬਨਾਇ ॥੧੮॥

ਪਰਦਾ ਜ਼ਾਹਰ ਹੋਇ ਸੁ ਗਯੋ।
ਜਿਸ ਤੇ ਬਹੁ ਲੋਕਨਿ ਛਲ ਲਯੋ।
ਚੜ੍ਹੇ ਕਮਾਨ ਸਕਲ ਬਿਸਮਾਵੈਂ।
ਜਾਨਿ -ਖੁਆਜੋ ਆਨਿ ਚਢਾਵੈ- ॥੧੯॥
ਸਿਦਕ ਸਹਿਤ ਦਿੱਲੀਪਤਿ ਆਇ।
ਹਾਰ ਜੀਤ ਇਸ ਤੇ ਪਤੀਆਇ।
ਇਮ ਸ਼ਾਹਨਿ ਕੇ ਸਦਿਕ ਨਿਹਾਰੇ।
ਹਿੰਦੂ ਤੁਰਕ ਪੂਜ ਹੈਂ ਸਾਰੇ ॥੨੦॥
ਸੋ ਪਰਦਾ ਨੌਰੰਗ ਉਘਾਰਾ।
ਬਿਨ ਅਜ਼ਮਤ ਕਿਮ ਨਹਿਂ ਪਤਿਆਰਾ।
ਇਸ ਆਗੈ ਨਹਿਂ ਅਟਕੈ ਦੰਭਾ।
ਤਿਸ ਮਾਨੈ ਜੋ ਕਰੈ ਅਚੰਭਾ ॥੨੧॥
ਸੁਨਤਿ ਸ਼ਾਹਿ ਉਰ ਹਰਖ ਬਢਾਇ।
ਸਭਿ ਮੈਂ ਬੋਲ੍ਯੋ 'ਕਜਾ ਛਲ ਲਾਇ।
ਚਾਤੁਰ ਮੂਰਖ ਕਿਨਹੁਂ ਨ ਜਾਨੀ।
ਰਾਉ ਰੰਕ ਗਨ ਸਭਿਹਿਨਿ ਮਾਨੀ ॥੨੨॥
ਮਹਦ ਪਖੰਡ ਕਰਤਿ ਇਹ ਰਹੇ।
ਮਰਨ ਇਨਹੁਂ ਕਹੁ ਕਿਨਹੁਂ ਨ ਲਹੇ।
ਕਰ੍ਯੋ ਬਿਲੋਕਨਿ ਨੀਕੇ ਆਜੂ।
ਚਿਰੰਕਾਲ ਕੋ ਉਘਰ੍ਯੋ ਪਾਜੂ' ॥੨੩॥
ਨਿਕਟਿ ਮੁਜਾਵਰ ਲੀਏ ਬੁਲਾਇ।
ਧਰੇ ਤ੍ਰਾਸ ਆਏ ਸਮੁਦਾਇ।
ਕਰੇ ਕ੍ਰੋਧ ਨੌਰੰਗ ਤਬਿ ਬੋਲਾ।
ਸੁਨਤਿ ਤਿਨਹੁਂ ਕੇ ਅੰਤਰ ਰੌਲਾ ॥੨੪॥
'ਇਹ ਕਜਾ ਕੀਨਸਿ ਤੁਮ ਬਡ ਦੰਭਾ?
ਸਭਿਨਿ ਦਿਖਾਵਤਿ ਰਹੇ ਅਚੰਭਾ।
ਛਲਿ ਕਰਿ ਦਰਬ ਹਰ੍ਯੋ ਸਭਿ ਕੇਰਾ।
ਕੋਇ ਨ ਜਾਨਿ ਸਕ੍ਯੋ ਕਿਸ ਬੇਰਾ ॥੨੫॥
ਬਹੁਤ ਖ਼ਤਾ ਤੁਮ ਨੇ ਨਿਤ ਕਰੀ।
ਕਿਤੀ ਪੁਸ਼ਤ ਕੀ ਦੌਲਤ ਹਰੀ।

ਬਡੇ ਤੁਮਾਰੇ ਕਰਤਿ ਸੁ ਰਹੇ।
ਸ਼ਾਹੁ ਅਚਰਿਤ ਨ ਕਿਨਹੂੰ ਲਹੇ[1] ॥੨੬॥

[1]ਕਿਸੇ ਪਾਤਸ਼ਾਹ ਨੇ (ਇਸ) ਕੌਤਕ ਨੂੰ ਨਾ ਜਾਣਿਆਂ [ਸੰਸ. ਅਚਰਿਤ = ਅਨੋਖਾ, ਕੌਤਕ]

ਪ੍ਰਾਨ ਹਾਨਿ ਕੋ ਦੰਡ ਬਿਸਾਲਾ।
ਤੁਮ ਕੋ ਚਹਿਯਤਿ ਹੈ ਇਸ ਕਾਲਾ।'
ਇਸ ਪ੍ਰਕਾਰ ਕਹਿ ਕਰਿ ਬਹੁ ਬਾਰੇ।
ਕੂਰੇ ਕਰੇ ਮੁਜਾਵਰ ਸਾਰੇ ॥੨੭॥
ਸਦਨ ਸਮਾਜ ਖੋਸ ਕਰਿ ਸਾਰੋ।
ਅਪਰ ਲੀਨਿ ਧਨ ਕਰਿ ਕਰਿ ਮਾਰੋ।
ਦੇ ਕਰਿ ਦੰਡ ਛੋਰਿ ਸਭਿ ਦੀਨੇ।
ਪੁਨ ਆਗੇ ਕਹੁ ਬਰਜਨਿ ਕੀਨੇ ॥੨੮॥
'ਤਜਾਗਿ ਦੇਹੁ ਇਹ ਕਪਟ ਕਮਾਵਨਿ।
ਇਮ ਕੋ ਅਰਪਹਿ ਕਰਹਿ ਸੁ ਖਾਵਨਿ।
ਜੇ ਇਸ ਬਿਧਿ ਸੋਂ ਕਰਹੁ ਕਮਾਈ।
ਮੈਂ ਸੁਨਿ ਲੇਹੁਂ ਦੇਹੁਂ ਮਰਿਵਾਈ' ॥੨੯॥
ਇਸ ਪ੍ਰਕਾਰ ਕਹਿ ਦੀਨਸਿ ਤ੍ਰਾਸੂ।
ਕੂਰ ਡਰੇ ਨ ਉਕਾਸਹਿਂ ਸ੍ਵਾਸੂ[1]।

[1]ਸਾਹ ਨਾ ਕਢਿਆ।

ਛੁਟਿ ਕਰਿ ਸਦਨ ਆਪਨੇ ਗਏ।
ਦੁਰੇ ਨ ਬਦਨ ਦਿਖਾਵਤਿ ਭਏ ॥੩੦॥
ਕਰਿ ਕੈ ਇਮ ਨੌਰੰਗ ਅਜਮੇਰ।
ਚਢ੍ਯੋ ਹਰਖ ਕਰਿ ਰਿਦੈ ਬਡੇਰ।
ਸੁਨਹਿ ਕਹੂੰ ਜਬਿ ਠਾਕੁਰ ਦ੍ਵਾਰੇ।
ਦੇਤਿ ਹੁਕਮ ਤਹਿਂ ਢਾਹਿ ਬਿਦਾਰੇ ॥੩੧॥
ਪ੍ਰਤਿਮਾ ਅੰਗ ਭੰਗ ਕਰਿਵਾਵੈ।
ਤਹਿਂ ਤੇ ਲੇ ਕਰਿ ਦੂਰ ਗਿਰਾਵੈ।
ਤ੍ਰਾਸ ਦੇਹਿ ਜਹਿਂ ਪਿਖਹਿ ਪੁਜਾਰੀ।
ਝਿਰਕਹਿ ਦੰਡਹਿ ਕਰਿ ਕਰਿ ਮਾਰੀ ॥੩੨॥
ਜਹਿਂ ਕਹਿਂ ਲਿਖਤ ਭਯੋ ਪਰਵਾਨੇ।
ਜੇ ਸੂਬੇ ਉਮਰਾਵ ਮਹਾਨੇ।
ਆਮਿਲ ਮੁਲਖਨਿ[1] ਕੇ ਜਿਸ ਥਾਈਂ।
ਸਭਿਹਿਨਿ ਕਹੁ ਸੁਧ ਦੀਨਿ ਸੁਨਾਈ

[1]ਮੁਲਖਾਂ ਦੇ ਹਾਕਮ।

॥ ੩੩ ॥
'ਬੁਤ ਪ੍ਰਸਤੀ ਕਿਤ ਹੋਨਿ ਨ ਪਾਵੈ।
ਮੰਦਿਰ ਭਗਨਹੁ ਕੋ ਨ ਚਿਨਾਵੈ।
ਤੁਰਕ ਜੁ ਬਨਹਿ ਲੋਭ ਕਰਿ ਕੋਈ।
ਲੇਹੁ ਬਨਾਇ ਵਸਤੁ ਦਿਹੁ ਸੋਈ' ॥ ੩੪ ॥
ਸਭਿ ਦੇਸ਼ਨਿ ਪਹੁੰਚੇ ਪਰਵਾਨੇ।
ਸਨਮਾਨਤਿ ਸਿਰ ਪਰ ਧਰਿ ਮਾਨੇ।
ਸਕਲ ਦੇਸ਼ ਮਹਿਂ ਹਿੰਦੂ ਤ੍ਰਾਸੇ।
ਗਹੈਂ ਓਜ ਤੇ' ਧਰਮ ਬਿਨਾਸੇਂ ॥ ੩੫ ॥ 'ਫੜਕੇ ਬਲ ਨਾਲ।
ਠਾਕੁਰ ਦ੍ਵਾਰੇ ਭਗਨ ਕਰੰਤੇ।
ਪ੍ਰਤਿਮਾ ਫੇਰਹਿਂ ਕਿਤਹੁਂ ਗਿਰੰਤੇ।
ਨਹਿਂ ਬਸਿ ਚਲਹਿ ਰਹਹਿਂ ਪਛੁਤਾਈ।
ਮੋਨ ਧਰਹਿਂ ਘਰਿ ਮਹਿਂ ਪ੍ਰਵਿਸ਼ਾਈ ॥ ੩੬ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥ ੩੦ ॥

੩੧. [ਕਾਂਸ਼ੀ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਗਾਢੇ ਬਡੇ ਜੁ ਸ਼ਰ੍ਹਾ ਮਹਿਂ,
ਮਾਨੀ ਮੂਢ ਗਵਾਰ।
ਨੌਰੰਗ ਕੋ ਸਿਖਰਾਵਹੀਂ,
ਕਰਿ ਨਿਜ ਦੀਨ ਹੰਕਾਰ[1] ॥੧॥

[1]ਆਪਣੇ ਦੀਨ ਦਾ ਹੰਕਾਰ ਕਰਕੇ।

ਚੌਪਈ:

'ਕਿਨਹੁਂ ਨ ਇਨ ਕੇ ਪਾਜ ਉਘਾਰੇ।
ਬਿਨ ਜਾਨੇ ਦੇਤੇ ਧਨ ਸਾਰੇ।
ਮਤਿ ਖੁਦਾਇ ਤੁਮਰੇ ਅਸ ਪਾਈ।
ਜਿਸ ਤੇ ਛਾਨੀ[1] ਬਾਤ ਨ ਕਾਈ ॥੨॥

[1]ਛੁਪੀ।

ਬੁਤ ਪ੍ਰਸਤੀ ਪਰ ਹੋਯਹੁ ਦੰਡ।
ਜਹਿਂ ਕਹਿਂ ਰਾਵਰਿ ਹੁਕਮ ਪ੍ਰਚੰਡ।
ਭਯੋ ਤ੍ਰਾਸ ਹਿੰਦਵਾਨ ਬਿਸਾਲੇ।
ਆਇ ਸ਼ਰ੍ਹਾ ਮਹਿਂ ਬਨੈਂ ਸੁਖਾਲੇ ॥੩॥
ਸੁਜਸੁ ਬਿਲੰਦ ਆਪ ਕਹੁ ਹੋਵਾ।
ਤੇਜ ਪ੍ਰਚੰਡ ਸਭਿਨਿ ਥਲ ਜੋਵਾ।
ਸੁਖ ਪਾਵੈਂ ਜੇ ਤੁਰਕ ਬਨੈਂਗੇ।
ਬਿਨਾ ਬਨੇ ਬਹੁ ਬ੍ਰਿਥਾ ਬਹੈਂਗੇ ॥੪॥
ਇਸ ਮਕਾਨ ਹਿੰਦੁਨਿ ਕੋ ਭਾਰੋ।
ਕਾਸ਼ੀ ਨਾਮ ਮਹਿਦ ਬਿਸਤਾਰੋ।
ਖਰੇ ਸੈਂਕਰੇ ਠਾਕੁਰ ਦ੍ਵਾਰੇ।
ਬੁਤ ਪ੍ਰਸਤੀ ਨਰ ਕਰਤਿ ਅਪਾਰੇ ॥੫॥
ਆਪ ਚਲਹੁਂ ਤਹਿਂ ਪਿਖਹੁ ਪਖੰਡ।
ਮੇਟਹੁ ਦੀਜੈ ਦੰਡ ਪ੍ਰਚੰਡ।
ਤਹਿਂ ਹਿੰਦੁਨਿ ਕੋ ਧਰਮ ਬਿਨਾਸ਼ਹੁ।
ਚਲਨਿ ਸ਼ਰ੍ਹਾ ਮਹਿਂ ਬਿਖੈ ਪ੍ਰਕਾਸ਼ਹੁ ॥੬॥
ਸੋ ਮਕਾਨ ਜੇ ਦੇਹੁ ਬਿਗਾਰ।
ਬਨਹਿਂ ਤੁਰਕ ਸਭਿ ਦਿਸ਼ਿ ਤੇ ਹਾਰਿ।'
ਸੁਨਤਿ ਸ਼ਾਹੁ ਮਨ ਮੋਦ ਉਪਾਵਾ।
ਤਹਾਂ ਚਲਨਿ ਕਹੁ ਕਰਜੋ ਉਪਾਵਾ ॥੭॥
ਗਜ ਬਾਜੀ ਪੈਦਲ ਸੰਗ ਘਨੇ।

ਲਸ਼ਕਰ ਚਲ੍ਯੋ ਦੀਹ, ਕੋ[1] ਗਨੇ।
ਕ੍ਰਮ ਕ੍ਰਮ ਮਾਰਗ ਉਲੰਘ੍ਯੋ ਸਾਰੋ।
ਕਾਸ਼ੀ ਪਹੁੰਚ੍ਯੋ ਸਿਵਰ ਉਤਾਰੋ[1] ॥੮॥
ਸੁਨਿ ਸੁਨਿ ਹਿੰਦੁਨਿ ਕੋ ਸਮੁਦਾਯਾ।
ਮਹਾਂ ਤ੍ਰਾਸ ਧਰਿ ਧਰਿ ਬਿਕੁਲਾਯਾ।
ਦੁਰਿ ਦੁਰਿ ਜਾਹਿਂ ਸਦਨ ਸਭਿ ਅਪਨੇ।
-ਹੇ ਪ੍ਰਭੁ! ਇਸੈ ਦਿਖਾਉ ਨ ਸੁਪਨੇ- ॥੯॥
ਘਰ ਤੁਰਕਨਿ ਕੇ ਹੋਤਿ ਬਧਾਈ।
ਮਿਲਿ ਮਿਲਿ ਕਰਹਿਂ 'ਦੀਨ ਬਿਰਧਾਈ।
ਨੌਰੰਗ ਸ਼ਾਹਿ ਸ਼ਰ੍ਹਾ ਮਹਿਂ ਗਾਢੋ।
ਜਿਸ ਤੇ ਤੁਰਕਾਨਾ ਬਹੁ ਬਾਢੋ ॥੧੦॥
ਏਕ ਨਿਸਾ ਕਰਿ ਕੈ ਬਿਸਰਾਮੂ।
ਪ੍ਰਵਿਸ਼੍ਯੋ ਅੰਤਰ ਪੁਰਿ ਅਭਿਰਾਮੂ।
ਥਾਨ ਥਾਨ ਜਹਿਂ ਪੁੰਜ ਸ਼ਿਵਾਲੇ।
ਬਾਜੈਂ ਘੰਟੇ ਸੰਖ ਬਿਸਾਲੇ ॥੧੧॥
ਕਰਹਿਂ ਆਰਤੀ ਕੇਰ ਉਤਾਰਨਿ।
ਪੁਸ਼ਪ ਪੁੱਤ੍ਰ ਪੂਜਾ ਬਿਸਥਾਰਨਿ।
ਗਾਇਂ ਬਿਸ਼ਨਪਦ ਬਾਦਿਕ ਬਾਜਹਿਂ।
ਗਨ ਮੰਦਿਰ ਉਤਸਾਹਨਿ ਸਾਜਹਿਂ ॥੧੨॥
ਕੇਤਿਕ ਥਾਨ ਪੁਰਾਨਨਿ ਬਾਚਹਿਂ।
ਸੁਨਿ ਸੁਨਿ ਨਰ ਉਰ ਸ਼ਰਧਾ ਰਾਚਹਿਂ।
ਬੇਦ ਘੋਖਿ ਪਾਵਨ ਕਹੁ ਕਰਿਹੀਂ[1]।
ਹਾਥਨਿ ਕੇ ਬਹੁ ਭਾਵ ਉਸਰਹੀਂ ॥੧੩॥
ਦਿਜ ਬਾਹਜ ਬਹੁ ਬੈਸ ਸ਼ੂਦ੍ਰਗਨ।
ਹਿੰਦੁ ਧਰਮ ਸਭਿ ਕਰਹਿਂ ਭਲੇ ਮਨ[1]।
ਬਿੱਸ਼੍ਵਨਾਥ[1] ਸਰਬੋਤਮ ਜਹਾਂ।
ਪੂਜਾ ਅਧਿਕ ਹੋਤਿ ਹੈ ਤਹਾਂ ॥੧੪॥
ਲੋਕ ਹਜ਼ਾਰਹੁੰ ਆਇਂ ਪ੍ਰਭਾਤੀ।
ਬੰਦਤਿ ਪੂਜਹਿ ਹੈਂ ਬਹੁ ਭਾਂਤੀ।
ਬਿੱਲ ਪੱਤ੍ਰ ਅਰੁ ਅਰਕ ਦਲਨਿ[1] ਤੇ।

[1]ਕੌਣ।
[1]ਉਤਰਿਆ।
[1]ਪਵਿੱਤ੍ਰ ਬੇਦ ਧੁਨੀ ਨੂੰ ਕਰਦੇ ਹਨ।
[1]ਭਲੀ ਤਰ੍ਹਾਂ ਮੰਨਣਾ।
[1]ਇਕ ਵਡੇ ਮੰਦਰ ਦਾ ਨਾਮ ਹੈ।
[1]ਅੱਕ ਦੇ ਪੱਤੇ।

ਕਨਕ ਪੱਤ੍ਰ[1] ਬਹੁ ਫੂਲ ਫਲਨਿ ਤੇ ॥੧੫॥
ਸ਼੍ਰੀ ਗੰਗਾ ਜਲ ਅਤਿਸ਼ੈ ਪਾਵਨ।
ਭਰਿ ਭਰਿ ਲੋਟੇ ਕਰਹਿਂ ਸੁ ਪਾਵਨਿ।
ਦੇਵਹਿਂ[†] ਧੂਪ ਪ੍ਰਕਰਮਾ ਕਰਿ ਕਰਿ।
ਅਜ ਸਮ ਬੋਲਹਿਂ ਮੁਖ ਪਰ ਕਰ ਧਰਿ ॥੧੬॥
[1]ਸਭਿ ਮੰਦਿਰ ਕੋ ਸ਼ੁਭ ਸਿਰ ਮੋਰ।
ਜਿਹ ਠਾਂ ਤੁੰਗ ਲਿੰਗ ਸਿਰ ਮੌਰ[1]।
ਪ੍ਰਥਮ ਨੁਰੰਗਾ ਤਹਿਂ ਚਲਿ ਗਯੋ।
ਬ੍ਰਿੰਦ ਨਰਨਿ ਕਹੁ ਦੇਖਤਿ ਭਯੋ ॥੧੭॥
ਤਬਿ ਸੋ ਲਿੰਗ ਉਖਰ ਕਰਿ ਉਛਰਜੋ।
ਗਜਾਨ ਕੂਪ ਮੈਂ ਤੂਰਨ ਪਰਜੋ[†]।
ਤੁਰਕ ਦੁਸ਼ਟ ਕੇ ਜਾਨੇ ਕਰਿ ਕੈ।
ਲਖਿ ਤਪ ਤੇਜ ਰਹਜੋ ਨਹਿਂ ਥਿਰ ਕੈ ॥੧੮॥
ਜਿਮ ਰਾਵਣ ਤੇ ਟਰਿ ਕਰਿ ਰਹੇ।
ਬ੍ਰਹਮਾ ਬਿਸ਼ਨੁ ਆਦਿ ਜੇ ਅਹੈ।
ਜਬਹਿ ਸਮੋਂ ਤਿਸ ਨਾਸ਼ਨਿ ਹੋਵਾ।
ਰਾਮਚੰਦ ਤਨ ਧਰਿ ਸੋ ਖੋਵਾ ॥੧੯॥
ਤਿਮ ਮਲੇਛ ਨੌਰੰਗ ਕੇ ਗਏ।
ਬਿੱਸ੍ਵਨਾਥ[2] ਥਲ ਤਜਾਗਤਿ ਭਏ।
ਅਪਰ ਜਿ ਪ੍ਰਤਿਮਾ ਸਗਲ ਬਿਦਾਰੀ।
ਅੰਗ ਭੰਗ ਕਰਿ ਕਿਤ ਕਿਤ ਡਾਰੀ ॥੨੦॥
ਜਹਿਂ ਭੈਰਵ ਕੋ ਹੁਤੋ ਸਥਾਨੇ।
ਲਠ ਠਾਂਢੀ ਗਾਢੀ ਜਨ ਮਾਨੇ[1]।
ਦੁਸ਼ਟਨਿ ਭਨਜੋ ਨੁਰੰਗੇ ਸੰਗ।
'ਇਹ ਕਜਾ ਪਾਥਰ ਖਰੋ ਉਤੰਗ?'

[1]ਧਤੂਰੇ ਦੇ ਪੱਤ੍ਰ।

[†]ਪਾ:-ਧੁਖਵਹਿਂ। ਪੁਨਾ-ਖੇਵਹਿਂ।

[1]ਮੂੰਹ ਤੇ ਹੱਥ ਰੱਖ ਕੇ ਬੱਕਰੇ ਵਾਂਙੂ ਬੋਲਦੇ ਹਨ। ਸ਼ੈਵੀ ਸ਼ਿਵ ਮੰਦਰ ਵਿਚ ਇਕੁਰ ਕਰਨਾ ਪੁੰਨ ਸਮਝਦੇ ਹਨ।

[1]ਵੱਡਾ ਸ਼ਿਰੋਮਣੀ ਲਿੰਗ।

[†]ਸ਼ੈਵੀ ਅੱਜ ਤੱਕ ਇਵੇਂ ਹੀ ਕਹਿੰਦੇ ਹਨ, ਉਨ੍ਹਾਂ ਦੀ ਕਥਨੀ ਸੁਣ ਕੇ ਕਵਿ ਜੀ ਅੰਕਿਤ ਕਰ ਰਹੇ ਹਨ। ਹੋ ਸਕਦਾ ਹੈ ਕਿ ਔਰੰਗਜ਼ੇਬ ਆਉਂਦਾ ਸੁਣਕੇ ਉਪਾਸਕਾਂ ਨੇ ਨਿਰਾਦਰੀ ਤੋਂ ਡਰਦੇ ਸ਼ਿਵਲਿੰਗ ਆਪ ਚੁੱਕ ਕੇ ਚੁੱਪ ਚਾਪ ਖੂਹ ਵਿਚ ਸੁੱਟ ਦਿੱਤਾ ਹੋਵੇ।

[1]ਲੋਕ ਮੰਨਦੇ ਸਨ (ਜਿਸ ਨੂੰ)।

॥੨੧॥
'ਲਠ ਭੈਰਵ ਕੀ' ਸਕਲ ਬਖਾਨੇ।
'ਹਿੰਦੂ ਦੇਤਿ ਦਰਬ ਬਹੁ ਮਾਨੇ।
ਆਪ ਕਰਹੁ ਅਵਿਲੋਕਨਿ ਠੌਰ।
ਉਚਿਤ ਭਗਨਿ ਕੇ ਲਖਿ, ਦਿਹੁ ਫੋਰਿ'
॥੨੨॥
ਸੁਨਿ ਤੁਰਕੇਸ਼ ਗਯੋ ਤਿਸ ਥਾਨ।
ਲਠ ਅਵਿਲੋਕੀ ਖਰੀ ਮਹਾਨ।
ਊਚੀ ਅਧਿਕ ਸੁ ਗਾਢੀ ਠਾਢੀ।
ਬਹੁਤ ਮਹਾਤਮ ਮਹਿੰਮਾ ਬਾਢੀ ॥੨੩॥
ਜਰ ਨਹਿੰ ਸਕ੍ਯੋ ਜਰ੍ਯੋ ਮਤਿ ਮੰਦ।
ਤਤਛਿਨ ਦੀਨਸਿ ਹੁਕਮ ਬਿਲੰਦ।
'ਖੰਡ ਖੰਡ ਇਸਕੇ ਕਰਿਵਾਵਹੁ।
ਫੋਰਿ ਫੋਰਿ ਕਰਿ ਅਵਨਿ ਮਿਲਾਵਹੁ
॥੨੪॥
ਜਰ[1] ਖਨਵਾਵਹੁ ਜਹਿੰ ਲਗਿ ਅਹੈ।
ਕਰਹੁ ਉਖਾਰਨਿ ਫੇਰ ਨ ਰਹੈ।'
ਇਮ ਭਨਿ ਨੌਰੰਗ ਪੁਨ ਬੀਚਾਰੋ।
ਕਹ੍ਯੋ 'ਤੋਪ ਸੰਗ ਗੋਰੇ ਮਾਰੇ ॥੨੫॥
ਟੂਟ ਪਰੈ ਜਬਿ ਅਵਨੀ ਮਾਹਿ।
ਪੁਨ ਖਨਵਾਹਿੰ ਜਹਾਂ ਲਗਿ ਜਾਹਿ।'
ਹੁਕਮ ਸੁਨਤਿ ਤੂਰਨ ਤੁਰਕਾਨਾ।
ਗਏ ਧਾਇ ਕਰਿ ਹਰਖ ਮਹਾਨਾ ॥੨੬॥
ਦੀਰਘ ਤੋਪ ਤਹਾਂ ਲੈ ਆਏ।
ਸਹਿਤ ਸਮਾਜ ਸ਼ਾਹੁ ਜਿਸ ਥਾਏ।
ਬਹੁ ਬਰੂਦ ਕੀ ਭਰਿ ਭਰਿ ਥੈਲੀ।
ਗਜ ਸੋਂ ਠੋਕਿ ਤੋਪ ਮਹਿਂ ਮੇਲੀ ॥੨੭॥
ਅਧਿਕ ਭਾਰਿ ਅਯਮਯ ਬਡ ਗੋਰਾ[1]।
ਭਰ੍ਯੋ ਤਯਾਰ ਕਰਿ ਲਠ ਮੁਖ ਓਰਾ।
ਲਈ ਜ੍ਵਲਤਿ ਜੁਤਿ ਅਗਨਿ ਮਤਾਬੀ[1]।
ਭਰ੍ਯੋ ਪਲੀਤਾ ਮਿਲਤਿ ਸ਼ਿਤਾਬੀ
॥੨੮॥

[1]ਜੜ੍ਹ।

[1]ਲੋਹੇ ਦਾ ਵੱਡਾ ਗੋਲਾ।

[1]ਅਗਨੀ ਨਾਲ ਜਗਦੀ ਹੋਈ ਮਤਾਬੀ।

ਛੁਟੀ ਗਰਜ ਜਨੁ ਗਾਜ[1] ਪਰੀ ਹੈ। — [1]ਬਿਜਲੀ।
ਧਰਕਤਿ ਉਰ ਜਿਸ ਸ਼੍ਰਵਨ ਕਰੀ ਹੈ।
ਇਕ ਗੋਰਾ ਜਬਿ ਲਠ ਕੋ ਮਾਰਾ।
ਦੂਸਰ ਕਰਜੋ ਤਜਾਰ ਬਡ ਭਾਰਾ ॥੨੯॥
ਨਰ ਸੰਘੱਟ ਅਧਿਕ ਤਿਸ ਠੌਰ।
ਪਿਖਹਿਂ ਖਰੇ ਇਕ ਨਿਕਸਜੋ ਭੌਰ[1]। — [1]ਕਾਲਾ ਡੇਹਮੂ।
ਸ਼ਾਹ ਸਮਾਜ ਸਾਥ ਜਹਿਂ ਠਾਢੋ।
ਕਰਹਿ ਬਿਲੋਕਨਿ ਦੁਸ਼ਟ ਜੁ ਗਾਢੋ ॥੩੦॥
ਗੁੰਜਾਰਤਿ ਕਰਿ ਬੇਗ ਬਿਸਾਲਾ।
ਗਯੋ ਨੁਰੰਗੇ ਨਿਕਟਿ ਕਰਾਲਾ।
ਲਠ ਤੇ ਨਿਕਸਿ ਉਡਤਿ ਭਾ ਐਸੇ।
ਛੂਟਹਿ ਬਾਨ ਧਨੁਖ ਤੇ ਜੈਸੇ ॥੩੧॥
ਤੁਰਕੇਸ਼ੁਰ ਕੇ ਸਨਮੁਖ ਗਯੋ।
ਲਗਜੋ ਬਦਨ ਪਰ ਬਾਢਨਿ ਕਯੋ[1]। — [1]ਵੱਢਣਾ ਕੀਤਾ।
ਬੁਰਕ ਭਰਜੋ ਤਿਸ ਆਮਿਖ ਕੇਰਾ।
ਜਿਸ ਤੇ ਉਪਜਜੋ ਕਸ਼ਟ ਬਡੇਰਾ ॥੩੨॥
ਬਲ ਤੇ ਹਤਜੋ ਹਾਥ ਤਿਸ ਤਾਂਈ।
ਲਗਨਿ ਨ ਪਾਯੋ ਉਡਜੋ ਪਲਾਈ।
ਮੁਖ ਸਗਰੇ ਪਰ ਸੋਜ ਬਢੀ ਹੈ।
ਬਸ ਨ ਬਸਾਵੈ ਬ੍ਰਿਥਾ[1] ਬਢੀ ਹੈ ॥੩੩॥ — [1]ਪੀੜਾ।
ਇਤਨੇ ਮਹਿਂ ਦੂਸਰ ਬਡ ਗੋਰਾ।
ਛੁਟ ਕਰਿ ਗਯੋ ਸੁ ਲਠ ਕੀ ਓਰਾ।
ਲਗੇ ਸ਼ਬਦ ਭਾ ਅਤਿਸ਼ੈ ਗਾਜਾ।
ਜਿਸ ਤੇ ਧਰਕਜੋ ਦਿੱਲੀ ਰਾਜਾ ॥੩੪॥
ਤਬਿ ਤਿਸ ਲਠ ਸੇ ਨਿਕਸੇ ਭੌਰ।
ਠੌਰ ਠੌਰ ਦੌਰਤਿ ਕਰਿ ਰੌਰ।
ਬਾਢਹਿਂ ਨਰਨ ਤੰਦੱਯੇ ਫਿਰੈਂ[1]। — [1]ਲਾਲ ਡੇਹਮੂ ਲੋਕਾਂ ਨੂੰ ਵੱਢਦੇ ਫਿਰਦੇ ਹਨ [ਪੁ: ਦਤੈਯਾ]
ਸੂਜਹਿ ਮੁਖ ਬਹ ਸੰਕਟ ਭਰੈਂ ॥੩੫॥
ਕੁਛ ਉਪਚਾਰ ਸਕਹਿ ਨਹਿਂ ਹੋਇ।
ਦੌਰੇ ਫਿਰੇ ਤ੍ਰਿਸਤਿ ਸਭਿ ਕੋਇ।
ਭਿਰੜ[1] ਤੰਦੱਯੇ[2] ਬ੍ਰਿੰਦ ਫਿਰੰਤੇ। — [1]ਪੀਲੇ ਡੇਹਮੂ। [2]ਲਾਲ ਡੇਹਮੂ।

ਲਸ਼ਕਰ ਪਰ ਦੌਰੇ ਮੁਖ ਹੰਤੇ[1] ॥੩੬॥ [1]ਡੰਗ ਮਾਰਦੇ।
ਜਹਾਂ ਕਹਾਂ ਉਡ ਕਰਿ ਡਸਿ ਲੇਤਿ।
ਸੂਜੇ ਮੁਖ ਬਹੁ ਅੰਗ ਸਮੇਤ।
ਕਰਹਿਂ ਤੁਰਕਪਤਿ ਕੀ ਰਖਵਾਰੀ।
ਬਸਤ੍ਰਨਿ ਸਾਥ ਪ੍ਰਹਾਰਹਿਂ ਟਾਰੀ ॥੩੭॥
ਦਾਸ ਸੈਂਕਰੇ ਹਾਥ ਭ੍ਰਮਾਵੈਂ।
ਮਾਰਹਿਂ ਦੌਰਹਿਂ ਰੌਰ ਮਚਾਵੈਂ।
ਕੇਤਿਕ ਕੀ ਪਗੀਆਂ ਗਿਰ ਪਰੀ।
ਸ਼ਸਤ੍ਰ ਬਸਤ੍ਰ ਕੀ ਸੁਧ ਨ ਸੰਭਰੀ ॥੩੮॥
ਲਸ਼ਕਰ ਕੇ ਨਰ ਰੌਰਾ ਕਰਜੋ।
'ਦਲ ਤੰਦੱਯਨਿ ਆਇ ਸੁ ਪਰਜੋ।
ਅਜ਼ਮਤ ਲਠ ਕੀ ਲਖੀ ਮਹਾਨਾ।
ਕੁਛੁਕ ਤ੍ਰਾਸ ਤੁਰਕੇਸ਼ੁਰ ਮਾਨਾ ॥੩੯॥
ਬਿਸਮਜੋ ਸ਼ਾਹੁ ਸਮੇਤ ਸਮਾਜਾ।
-ਕਿਤ ਤੇ ਭੇ ਉਤਪਤਿ ਇਹ ਆਜਾ।
ਜਿਤ ਕਿਤ ਫਿਰਿਤ ਅਸੰਖ ਨਿਹਾਰੇ-।
ਬਿਸਮਤਿ ਚਿਤ ਹੁਇ ਸ਼ਾਹੁ ਉਚਾਰੇ ॥੪੦॥
'ਕਰਹੁ ਕਬੂਲ ਜੁ ਨਜਾਜ਼ ਘਨੇਰੀ।
ਅਜ਼ਮਤ ਕੇ ਸਮੇਤ ਲਿਹੁਂ ਹੇਰੀ[1]। [1]ਦੇਖ ਲਿਆ ਹੈ (ਮੈਂ)।
ਕਰਹੁਂ ਅਵੱਗਜਾ ਨਹਿਂ ਇਮ ਫੇਰੀ।
ਬਾਂਟਿ ਸ਼ੀਰਨੀ ਦੇਹੁਂ ਬਡੇਰੀ ॥੪੧॥
ਛਿਮਾ ਕਰਾਵਹੁਂ ਹਾਥਨਿ ਜੋਰਿ।
ਨਹਿਂ ਕਰਨੋ ਕਿਸ ਹੂੰ ਬਿਧਿ ਜੋਰ।'
ਤਤਛਿਨ ਸੀਸ ਨਿਵਾਯੋ ਸਭਿ ਹੂੰ।
ਨਿੰਮ੍ਰਿ ਨੁਰੰਗਾ ਹੋਯਹੁ ਜਬਿਹੂੰ[†] ॥੪੨॥

[†]ਇਹ ਬੀ ਗਾਲਬਨ ਕਵੀ ਜੀ ਨੇ ਬਨਾਰਸ ਜਾਕੇ ਉਪਾਸਕਾਂ ਤੋਂ ਰਵਾਯਤ ਸੁਣੀ ਹੈ। ਵਿਸ਼੍ਵਨਾਥ ਦਾ ਮੰਦਰ ਢਾਹ ਕੇ ਮਸਜਦ ਬਣਾਈ ਸੀ, ਜੋ ਹੁਣ ਤੱਕ ਖੜੀ ਹੈ। ਇਹ ਗੱਲ ਦੂਸਰੇ ਇਤਿਹਾਸਕਾਰਾਂ ਨੇ ਬੀ ਲਿਖੀ ਹੈ। ਦੇਖੋ ਇਸੇ ਰਾਸ ਦੇ ਅੰਸੂ ੨੬ ਅੰਕ ੩੮ ਦੀ ਹੇਠਲੀ ਟੂਕ। ਤੇ ਇਸ ਮਸਜਦ ਦੀ ਪਿੱਠ ਪਿਛੇ ਸਮੇਂ ਪਏ ਤੇ ਹਿੰਦੂਆਂ ਨੇ ਫਿਰ ਨਵਾਂ ਮੰਦਰ ਬਣਵਾ ਲਿਆ ਹੋਯਾ ਹੈ। ਔਰੰਗਜ਼ੇਬ ਦੀ ਜਬਰੀ ਹਟਾਈ ਹੋਈ ਬੁਤਪ੍ਰਸਤੀ ਫੇਰ ਜਾਰੀ ਹੈ ਕਿਉਂਕਿ ਔਰੰਗਜ਼ੇਬ ਦਿਲਾਂ ਵਿਚੋਂ ਬੁਤਪ੍ਰਸਤੀ ਨਹੀਂ ਸੀ ਕੱਢ ਸਕਿਆ। ਸੋ ਸੁਹਣੇ ਬੁਤ ਜਿਨ੍ਹਾਂ ਪਰ ਕੌਸਲ ਵਾਲਿਆਂ ਹੁਨਰ ਦਿਖਾਏ ਹੋਏ ਸਨ ਟੁੱਟ ਫੁੱਟ ਤਬਾਹ ਹੋ ਗਏ ਤੇ ਸ਼ਿਲਪ ਵਿਦਿਆ ਗਿਰ ਜਾਣ ਕਰਕੇ ਬੁਤਪ੍ਰਸਤਾਂ ਜੋ ਫੇਰ ਬੁਤ ਬਣਾਏ ਉਹ ਖੂਬਸੂਰਤ ਤੇ ਹੁਨਰ ਵਾਲੇ ਨਹੀਂ ਬਣੇ। ਸੋ ਸਿਵਾ ਹੁਨਰ ਤਬਾਹ ਕਰਨ ਦੇ ਔਰੰਗਜ਼ੇਬ ਆਪਣੇ ਇੰਦੀਏ ਵਿਚ ਬੁਰੀ ਤਰ੍ਹਾਂ ਨਾ-ਕਾਮਯਾਬ ਰਿਹਾ ਹੈ। ਪੁਰਾਣੀ ਇਮਾਰਤ ਵਿਚ ਭੂੰਡਾਂ ਦਾ ਘਰ ਹੋਵੇ ਤੇ ਟੁੱਟਣ ਤੇ ਨਿਕਲਨੇ ਅਚਰਜ ਨਹੀਂ, ਪਰ ਸੱਚ ਮੁੱਚ

ਕਰਾਮਾਤ ਮੰਦਰਾਂ ਨੇ ਜੇ ਕੋਈ ਦੱਸੀ ਹੁੰਦੀ ਤਾਂ ਢਹਿੰਦੇ ਨਾਂ। ਹਿੰਦੂਆਂ ਹੱਥ ਜੋੜ, ਮੁਹਰਾਂ ਥਾਲ ਦੇ ਸੁੰਦਰੀਆਂ ਭੇਟ ਦੇਕੇ ਸਮਾਂ ਬਿਤਾਇਆ ਸੀਂ। ਹਾਂ ਕਿਸੇ ਹਿੰਦੂ ਨੇ ਇਸ ਮੰਦਰ ਦੇ ਢਹਿਕੇ ਮਸੀਤ ਬਣਨੇ ਪਰ ਇਕ ਸ਼ੇਅਰ ਤਦੋਂ ਰਿਹਾ ਸੀ:- 'ਬਬੀਂ ਕਰਾਮਤੇ ਬੁਤਖਾਨਾਏ ਮਰਾ ਐ ਸ਼ੇਖ! ਕਿ ਚੂੰ ਖ਼ਰਾਬ ਸ਼ਵਦ ਖਾਨਾਏ ਖ਼ੁਦਾ ਗਰਦਦ।' ਜਿਸ ਦਾ ਭਾਵ ਇਹ ਹੈ, ਕਿ ਐ ਸ਼ਾਹ! ਦੇਖ ਮੇਰੇ ਬੁਤਖਾਨੇ ਦੀ ਕਰਾਮਾਤ ਕਿ ਜਦੋਂ ਖਰਾਬ ਹੋ ਗਿਆ (ਢੈ ਗਿਆ) ਤਾਂ (ਤੇਰੇ) ਰੱਬ ਦਾ ਘਰ ਬਣ ਗਿਆ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਕਾਸ਼ੀ ਕੋ' ਪ੍ਰਸੰਗ ਬਰਨਨੰ ਨਾਮ ਏਕਤ੍ਰਿੰਸਤੀ ਅੰਸੂ ॥੩੧॥

੩੨. [ਕਾਂਸ਼ੀ। ਹਿੰਦੂਆਂ ਦੀ ਗਿਰਾਵਟ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਸਭਿ ਲਸ਼ਕਰ ਕਰ ਜੋਰਿ ਕੈ, ਸਭਿ ਹੂੰ ਸੀਸ ਨਿਵਾਇ।
ਭੌਰ ਭਿਰੜ ਤਤਕਾਲ ਹੀ, ਗਏ ਅਕਾਸ਼ ਬਿਲਾਇ ॥੧॥

ਚੌਪਈ:

ਨਜਾਜ਼ ਸ਼ੀਰਨੀ ਸਭਿਨਿ ਚਢਾਏ।
ਅਜ਼ਮਤ ਕਹੁ ਦੇਖਤਿ ਪਤੀਆਏ।
ਕਹਿਨਿ ਲਗੇ ਤਾਰੀਫ ਬਡੇਰੀ।
ਮਹਿਮਾ ਅਬਿ ਲਾਖਹੁਂ ਨਰ ਹੇਰੀ ॥੨॥
ਭੌਰ, ਭਿਰੜ, ਤੰਦੱਯਾ ਘਨੇ।
ਸਭਿ ਕੇ ਡਸਜੋ ਡੰਗ ਦੁਖ ਸਨੇ।
ਲਸ਼ਕਰ ਮਹਿਂ ਪਾਯੋ ਬਡ ਰੌਰਾ।
ਫਿਰਤਿ ਉਡਤਿ ਜੇਤਿਕ ਦਲ ਠੌਰਾ ॥੩॥
ਜਬਿ ਕੀ ਨਜਾਜ਼ ਸ਼ੀਰਣੀ ਦਈ।
ਤਬਿ ਕੀ ਇਨਹੁਂ ਮੰਦ ਗਤਿ ਲਈ।
ਸਨੇ ਸਨੇ ਗਮਨੇ, ਨਹਿਂ ਪਾਏ।
ਜਾਨੀ ਜਾਇ ਨ ਗੇ ਕਿਸ ਥਾਏ ॥੪॥
ਕਿਤ ਤੇ ਨਿਕਸੇ? ਲਠ ਨਹਿਂ ਪੋਲੀ।
ਮਨਹੁਂ ਕਿਨਹੁਂ ਇਨ ਥੈਲੀ ਖੋਲੀ।
ਏਕਹਿ ਬਾਰ ਨਰਨਿ ਪਰ ਪਰੇ।
ਮਨਹੁਂ ਤੀਰ ਕਿਨ ਛੋਰਨਿ ਕਰੇ' ॥੫॥
ਇੱਤਜਾਦਿਕ ਅਨੇਕ ਕਹਿਂ ਬਾਤ।
ਲਠ ਕੀ ਅਜ਼ਮਤ ਭੀ ਬੱਖਜਾਤ।
ਕੀਨਸਿ ਕੂਚ ਨੁਰੰਗੇ ਡੇਰਾ।
ਨਿਜ ਰਜਧਾਨੀ ਕਉ ਕਿਯ ਫੇਰਾ ॥੬॥
ਦ੍ਵੈ ਗੋਰੇ ਲਾਗੇ ਲਠ ਬੀਚ।
ਰਹੇ ਚਿਨ੍ਹ ਪਿਖਿ ਊਚ ਰੁ ਨੀਚ।
ਚਿਰੰਕਾਲ ਪੁੰਨ ਪੀਛੇ ਰਹੀ।
ਖਾਂਡ[†] ਪਰੇ ਦ੍ਵੈ ਸਭਿ ਹੂੰ ਲਹੀ[1] ॥੭॥

[1]ਖੋੜਾਂ ਦੋ ਪੈ ਗਈਆਂ ਸਭਨਾਂ ਨੇ ਦੇਖੀਆਂ। [†]ਪਾ:-ਪਾੜ।

ਪੁਨਹਿ ਅਠਾਰਹਿ ਸੈ ਅਰੁ ਸਾਠ[1]।
ਭਯੋ ਬਿਘਨ ਤਿਸ ਭੈਰਵ ਲਾਠ।
ਹਿੰਦਵਾਇਨ ਅਰੁ ਬਹੁ ਤੁਰਕਾਨਾ।
ਬਧਯੋ ਪਰਸਪਰ ਬਾਦ ਮਹਾਨਾ ॥੮॥
ਕਾਂਸ਼ੀ ਪੁਰੀ ਸਪਰਧਾ ਬਾਢੀ।
ਦੁਹਿ ਦਿਸ਼ਿ ਤੇ ਰਿਸ ਉਪਜੀ ਗਾਢੀ।
ਹਿੰਦੂ ਮਿਲਿ ਸੰਬੂਹ ਬਲ ਭਾਰਾ।
ਦਾਹਯੋ ਜਹਿਂ ਅਮਾਮ ਕੋ ਬਾਰਾ[1] ॥੯॥

[1]ਸੰਮਤ ੧੮੬੦।

[1]ਅਮਾਮ ਵਾੜਾ, ਸ਼ਈਆ ਮੁਸਲਮਾਨਾਂ ਦਾ ਧਾਰਮਿਕ ਟਿਕਾਣਾ।

ਚਹੁੰਦਿਸ਼ਿ ਤੇ ਪਾਵਕ ਜ੍ਵਲਤਾਈ।
ਹਨਯੋ ਤੁਰਕ ਤਬਿ ਅਰਯੋ ਜੁ ਆਈ।
ਪਿਖਿ ਇਕਠੋ ਹੁਇ ਕਰਿ ਤੁਰਕਾਨਾ।
ਸ਼ਸਤ੍ਰ ਸੰਭਾਰਿ ਭਏ ਸਵਧਾਨਾ ॥੧੦॥
ਕਈ ਹਜ਼ਾਰ ਮਿਲੇ ਹਿਤ ਜੁੱਧ।
ਮਾਰਹਿਂ ਮਰਹਿਂ ਬਢਯੋ ਅਤਿ ਕ੍ਰੁੱਧ।
ਲਠ ਭੈਰਵ ਕੀ ਚਹੁੰਦਿਸ਼ਿ ਘੇਰੀ।
ਭਏ ਸੁਚੇਤ ਤੁਰਕ ਤਿਸ ਬੇਰੀ ॥੧੧॥
ਈਂਧਨ ਬਹੁ ਸਕੇਲ ਕਰਿ ਲੀਨਸਿ।
ਚਹੁੰ ਦਿਸ਼ਿ ਲਠ ਕੇ ਸਭਿ ਧਰਿ ਦੀਨਸਿ।
ਲੇ ਕਰਿ ਅਗਨੀ ਦਈ ਜਲਾਇ।
ਏਕਹਿ ਬਾਰ ਦਾਰ[1] ਸਮੁਦਾਇ ॥੧੨॥

[1]ਲਕੜੀ।

ਭਸਮ ਦਈ ਕਰਿ ਸਗਰੀ ਲਾਠ।
ਜਹਿਂ ਕਹਿਂ ਤੇ ਬਹੁ ਪਾਯੋ ਕਾਠ।
ਭਈ ਭਸਮ ਸਮ, ਤਿਸ ਤੇ ਪਾਛੇ।
ਨੌਰੰਗ ਕਥਾ ਸੁਨਹੁ ਪੁਨ ਆਛੇ ॥੧੩॥
ਦਿੱਲੀ ਬਿਖੈ ਸੁ ਆਇ ਪ੍ਰਵੇਸ਼ਾ।
ਹਿੰਦੁ ਧਰਮ ਸੋਂ ਹਠੀ ਵਿਸ਼ੇਸ਼ਾ।
ਚਿਤਵਤਿ ਨਿਤ ਉਪਾਇ ਚਿਤ ਮਾਂਹੀ।
ਤੁਰਕ ਜਗਤ ਸਭਿ ਜਿਮ ਹੁਇ ਜਾਹੀ ॥੧੪॥
ਤਿਸ ਪ੍ਰਕਾਰ ਹੀ ਜਤਨ ਬਨਾਵਹਿ।
ਦੇਸ਼ ਬਿਦੇਸ਼ਨਿ ਹੁਕਮ ਪਠਾਵਹਿ।
ਬਾਰਬਧੂ ਹਿੰਦਵਾਇਨਿ ਜੇਤੀ।

ਬੀਚ ਬਜ਼ਾਰਨਿ ਬਰਜੀ ਤੇਤੀ ॥੧੫॥
ਕਰੀ ਪਠਾਵਨਿ ਸਭਿ ਤੁਰਕਾਨੀ।
ਇਮ ਬਿਚਾਰ ਉਰ ਮੈਂ ਬਿਧਿ ਠਾਨੀ।
-ਹਿੰਦਨੀ ਬੇਸ਼ਜ਼ਾ ਨਹਿਂ ਜਬਿ ਹੋਇ।
ਰਮਹਿਂ ਤੁਰਕਨੀ ਹਿੰਦੂ ਜੋਇ ॥੧੬॥
ਤਤਛਿਨ ਅਪਨੋ ਧਰਮ ਨਸਾਵੈਂ।
ਤੁਰਕ ਮਤੋ ਇਮ ਬਧਤੋ ਜਾਵੈ।
ਕਾਮ ਕੇਲ ਕਰਿਬੇ ਤੇ ਪਾਛੇ।
ਪੁਨ ਕੈਸੇ ਹਿੰਦੂ ਰਹਿਂ ਆਛੇ- ॥੧੭॥
ਰਜਕ[1], ਕੂਜਰੇ[2] ਪਾਨੀਹਾਰ[3]।
ਸਗਰੇ ਤੁਰਕ ਕਰੇ ਤਿਸ ਬਾਰ।
ਇੱਤਯਾਦਿਕ ਕ੍ਰਿਤ ਠਾਨਹਿਂ ਜੇਈ।
ਹਿੰਦੂ ਕਰੇ ਹਟਾਵਨਿ ਸੇਈ ॥੧੮॥
ਸਗਲੇ ਥਲ ਮਹਿਂ ਤੁਰਕ ਬਿਠਾਏ।
ਇਮ ਸਭਿ ਸਨੇ ਸਨੇ ਮਿਲਿ ਜਾਏਂ।
ਲਿਖਿ ਲਿਖਿ ਪਠਤਿ ਭਏ ਪਰਵਾਨੇ।
ਜਹਿਂ ਕਹਿਂ ਸੂਬਨਿ ਕੇਰ ਟਿਕਾਨੇ ॥੧੯॥
ਪੁਰੀ ਸਰ੍ਹੰਦ ਲਹੌਰ ਪਠਾਏ।
ਕਾਸ਼ਮੀਰ ਕੋ ਪੁਨਹਿਂ ਪਠਾਏ।
ਪੁਰਿ ਮੁਲਤਾਨ ਪਠਾਵਨਿ ਕਰੇ।
ਸੁਨਿ ਸੁਨਿ ਹਿੰਦੁ ਤ੍ਰਾਸ ਉਰ ਭਰੇ ॥੨੦॥
ਲਿਖਿ ਪੂਰਬ ਕੋ ਪੁਨਹਿਂ ਪਠਾਏ।
ਕੇਤਿਕ ਗਿਨੀਅਹਿ ਪੁਰਿ ਸਮੁਦਾਏ।
ਜਿਸ ਜਿਸ ਥਲ ਤੁਰਕਨਿ ਕਹੁ ਰਾਜ।
ਤਹਿਂ ਤਹਿਂ ਕਰਯੋ ਤਿਸੀ ਬਿਧਿ ਕਾਜ ॥੨੧॥
ਹਿੰਦੁਨੀ ਬਾਰਬਧੂ ਸਭਿ ਬਰਜੀ।
ਤੁਰਕਨਿ ਕਰੀ ਸ਼ਾਹਿ ਲਖਿ ਮਰਜ਼ੀ।
ਅਪਰ ਕਾਰਖਾਨੇ ਸਭਿ ਜੇਈ।
ਜਹਿਂ ਕਹਿਂ ਤੁਰਕਨਿ ਸਾਂਭੇ ਤੇਈ ॥੨੨॥
ਝਗਰਤਿ ਰਿਸ ਕਰਿ ਸੰਗ ਜਿ ਭ੍ਰਾਤ।
ਜੇ ਸਭਿ ਤੇ ਲਘੁ ਪਰਿ ਜੋ ਜਾਤ[1]।

[1]ਧੋਬੀ। [2]ਰਾਈਂ, ਕੂੰਜੜੇ। [3]ਮਹਿਰੇ।

[1]ਭਾਵ ਜੇ ਦੋ ਭਰਾ ਆਪੋ ਵਿਚ ਗੁੱਸੇ ਹੋ ਕੇ ਝਗੜ ਪੈਣ ਤਾਂ ਜੋ ਰੌਲਾ ਪੈ ਜਾਵੇ ਭਾਵ ਹਾਰ ਜਾਵੇ।

ਸੋ ਤਤਕਾਲ ਤੁਰਕ ਮਤ ਧਰੈ।
ਕਲਮਾ ਪਠਹਿ ਸ਼ਰ੍ਹਾ ਮਹਿਂ ਪਰੈ ॥੨੩॥
ਸਭਿ ਤੇ ਜੀਤਹਿ ਝਗਰਾ ਸੋਇ।
ਹਾਰਹਿ ਹਿੰਦੂ ਰਹੈ ਜਿ ਕੋਈ।
ਦਰਬ ਲੋਭ ਤੇ ਕੇਤਿਕ ਬਨਿ ਹੈਂ।
ਕੋ ਬਜਾਹਨਿ ਕੇ ਝਗਰੇ ਮਨ ਹੈ[1] ॥੨੪॥
ਇਸੀ ਰੀਤਿ ਬਹੁ ਦੇਸ਼ਨਿ ਬੀਚ।
ਹਿੰਦੂ ਧਾਰਹਿਂ ਮਤੋ ਜੁ ਨੀਚ।
ਲੋਭ ਪਦਾਰਥ ਕੋ ਉਰ ਧਰਿ ਕੈ।
ਮੁਸਲਮਾਨ ਹੁਇਂ ਕਲਮਾ ਪੜ੍ਹਿ ਕੈ ॥੨੫॥
ਸ਼ਾਸਤ੍ਰਨਿ ਤੇ ਸੁ ਜੀਵਕਾ ਹਟੀ।
ਪਠਨਿ ਸੁਨਨਿ ਤੇ ਸਭਿ ਮਤਿ ਨਟੀ।
ਪਢੈਂ ਪਾਰਸੀ ਹਿੰਦੂ ਜੋਇ।
ਅਧਿਕ ਜੀਵਕਾ ਪ੍ਰਾਪਤਿ ਹੋਇ ॥੨੬॥
ਇਮ ਬਿਧਿ ਲਖਿ ਕੈ ਹਿੰਦੁ ਧਨੀ।
ਲਗੇ ਪਾਰਸੀ ਪਢਿਬੇ ਘਨੀ।
'ਸਲਾਮਾਲੈਕਮ[†]' ਮੁਖਹੁਂ ਅਲਾਵੈਂ[‡] ।
ਬੈਠ ਮਸੀਤੇ ਸਬਕ ਪਕਾਵੈਂ[†] ॥੨੭॥
ਰਾਮ ਰਾਮ ਅਰੁ ਬੰਦਨ ਕਰਨੀ।
ਸਭਿਨਿ ਪਰਸਪਰ ਕੀਨਸਿ ਹਰਨੀ[1]।
ਮਿਲਤਿ ਸਲਾਮ ਕਰੈ ਸਭਿ ਕੋਇ।
ਸ਼ਾਸਤਰ ਬਿੱਦਜਾ ਨਿੰਦਜਾ ਸੋਇ ॥੨੮॥
ਕਹੈਂ 'ਡਕੌਤੀ ਪਢਨੋ ਏਹੁ[1]।
ਹੇ ਸੁਤ ! ਕਜਾ ਇਸ ਪਠਿ ਕਰਿ ਲੇਹੁ।'
ਨਿਜ ਸਿਸ ਤੁਰਕ ਸਮੀਪ ਬਿਠਾਵੈਂ।

[1]ਵਿਵਾਹ ਦੇ ਝਗੜੇ ਕਰ (ਤੁਰਕ ਮਤ ਨੂੰ) ਮੰਨਦੇ ਹਨ।

[†]ਪਾ:-ਸਾਲਾਮਾਲੇਕ। [‡]ਪਾ:-ਪਢਾਵੈਂ।

[†]ਦੋ ਲਿਖਤੀ ਨੁਸਖਿਆਂ ਵਿੱਚ ਇਸ ਚੌਪਈ ਦੀਆਂ ਇਹ ਦੋ ਤੁਕਾਂ ਨਹੀਂ ਹਨ। ਚੌਪਈ ਦੇ ਕੇਵਲ ਦੋ ਚਰਨ ਹੀ ਹਨ, ਤੇ ਇਕ ਹੋਰ ਲਿਖਤੀ ਨੁਸਖੇ ਵਿੱਚ ਇਨ੍ਹਾਂ ਤੁਕਾਂ ਦੀ ਥਾਵੇਂ ਇਹ ਪਾਠ ਹੈ:- ਧਰਮ ਖੀਨ ਦਿਨ ਦਿਨ ਪ੍ਰਤਿ ਹੋਇ। ਤੁਰਕ ਮੁਦਿਤ ਯਾ ਬਿਧਿ ਅਵਿਲੋਇ।

[1]ਛੱਡ ਦਿੱਤੀ।

[1]ਸ਼ਾਸਤ੍ਰ ਵਿਦਿਆ ਦਾ) ਪੜ੍ਹਨਾ ਡਕੌਤੀ ਹੈ, ਭਾਵ ਨੀਵਾਂ ਕੰਮ ਹੈ। ਡਕੌਂਤ ਇਕ ਜਾਤ ਹੈ, ਜੋ ਨਿਜ ਨੂੰ ਬ੍ਰਾਹਮਣ ਕਹਿੰਦੇ ਹਨ। ਇਹ ਛਾਯਾ ਪਾਤ੍ਰ, ਸਿਰ ਵਾਰਨੇ, ਛਨਿਛਰ ਪੂਜਾ ਆਦਿ ਦਾ ਧਾਨ ਲੈਂਦੇ ਹਨ, ਇਸ ਕਰਕੇ ਨੀਵੇਂ ਸਮਝੇ ਜਾਂਦੇ ਹਨ।

ਕਹੈਂ 'ਪਠਹੁ ਇਸ ਤੇ ਧਨ ਪਾਵੈ' ॥੨੯॥
ਕਹੈਂ ਸਲਾਮਾ ਲੇਕਮ ਘਨੀ।
ਭੰਗਨ ਕਰੀ ਮ੍ਰਿਯਾਦਾ ਘਨੀ।
ਤੁਰਕਨਿ ਸੋਂ ਮਿਲਿ ਦਰਬ ਉਪਾਵੈਂ।
ਬਿੱਪ੍ਰਨਿ ਅਪਨੋ ਧਰਮ ਨ ਭਾਵੈ ॥੩੦॥
ਛੱਤ੍ਰੀ ਪਠਹਿਂ ਪਾਰਸੀ ਇਲਮ।
ਤਜ਼ਾਗਤਿ ਧਰਨ ਨ ਲਾਵੈਂ ਬਿਲਮ।
ਧਨੀ ਹੋਇ ਪੁਨ ਗਰਬਹਿਂ ਘਨੇ।
ਬਿਨਾਂ ਇਲਮ ਲਖਿ ਹਸਿ ਹਸਿ ਭਨੇ ॥੩੧॥
ਇਕ ਕੋ ਦੇਖਤਿ ਦੁਤੀਯੋ ਪਢੈ।
ਤੁਰਕ ਤਰੀਫੈਂ ਤਉ[1] ਧਨ ਬਢੈ।

[1]ਜੇ ਤੁਰਕਾਂ ਦੀ ਉਸਤਤ ਕਰਨ, ਤਾਂ।

ਧਰਮਾਧਰਮ ਨ ਕਛੂ ਬਿਚਾਰਹਿਂ।
ਲੋਭੀ ਭਏ ਦਰਬ ਅਨੁਸਾਰਹਿਂ ॥੩੨॥
ਏਕ ਬਾਰ ਜਗ ਬਿਗਰਜੋ ਧਰਮ।
ਭਰਮ ਭਰਮ ਹੁਇਂ ਤੁਰਕ ਬਿਸ਼ਰਮ[1]।

[1]ਧਰਮ ਤੋਂ) ਡੋਲ ਡੋਲ ਕੇ ਬੇਸ਼ਰਮ (ਹਿੰਦੂ) ਤੁਰਕ ਹੋ ਜਾਂਦੇ ਹਨ।

ਬੈਸ ਸ਼ੂਦ੍ਰ ਕੀ ਕਜਾ ਹੈ ਗਿਨਤੀ।
ਤੁਰਕਨਿ ਆਗੇ ਕਰਹਿਂ ਸੁ ਬਿਨਤੀ ॥੩੩॥
ਦਿਜ ਬਾਹਜ ਅਰੁ ਬੈਸ ਮਹਾਨੇ।
ਪੋਸ਼ਿਸ਼ ਤੁਰਕਨਿ ਕੀ ਤਨ ਠਾਨੇ।
ਤੰਬੇ ਤੇਰ ਪਾਇ ਕਰਿ ਜਾਇਂ।
ਇੱਤਜਾਦਿਕ ਬਿੱਪ੍ਰੈ ਸਮੁਦਾਇ[1] ॥੩੪॥

[1]ਸਾਰੇ ਉਲਟੇ ਹੋ ਗਏ।

ਤੁਰਕਨਿ ਮੈਂ ਬੈਠੈਂ ਰਲਿ ਮਿਲਿ ਕੈ।
ਮੁਖ ਪਰ ਲਗੈ ਸ੍ਵਾਸ ਤਿਨ ਚਲਿ ਕੈ।
ਗੰਦੇਧੂਮ[1] ਨਿਕਾਸਹਿਂ ਆਨਨ।
ਛਾਇ ਹਿੰਦੂ ਕੇ ਮੁਖ ਚਖ ਕਾਨਨਿ[1] ॥੩੫॥

[1]ਤਮਾਕੂ ਦਾ ਧੂਆਂ।

[1]ਮੂੰਹ ਅੱਖਾਂ ਤੇ ਕੰਨਾਂ ਵਿਚ।

ਬੈਠੇ ਰਹੈਂ ਅਨੰਦ ਕੋ ਮਾਨਿ।
ਮੂਢ ਸਕੁਚਿ ਨਹਿਂ ਕਰੈਂ ਗਿਲਾਨ।
ਬਸਤ੍ਰ ਬਸਤ੍ਰ ਸੋਂ ਭਲੇ ਮਿਲਾਇ।

ਅਤਿਸ਼ੈ ਨਿਕਟਿ ਬੈਠਿ ਮੁਦ ਪਾਇੰ
॥੩੬॥
ਮੀਆਂ ਆਦਿਕ ਤੁਰਕ ਬਡਾਈ।
ਲੇ ਲੇ ਹਿੰਦੂ ਉਰ ਗਰਬਾਈਂ।
ਅਪਨੋਂ ਧਰਮ ਨ ਕਛੂ ਬਿਚਾਰਹਿਂ।
ਮਿਲਿ ਮਿਲਿ ਧਨ ਕੀ ਲਾਲਸ ਧਾਰਹਿਂ
॥੩੭॥
ਜਿਮ ਰਾਵਨ ਗਨ ਧਰਮ ਹਟਾਏ।
ਤਪਸੀ ਆਦਿਕ ਅਧਿਕ ਦੁਖਾਏ।
ਤਿਮ ਨੌਰੰਗ ਬਾਦੀ ਚਵਗੱਤਾ[1]। [1]ਮੁਗ਼ਲ ਜਾਤੀ।
ਨਾਨਾ ਭਾਂਤਿਨਿ ਕੀਨਿ ਕੁਮੱਤਾ[1] ॥੩੮॥ [1]ਖੋਟੀ ਮਤੀ।
ਹਿੰਦੂ ਧਰਮ ਬਿਗਾਰਜੋ ਜਗ ਮਹਿਂ[†]। [†]ਪਾ:-ਜਗ ਮੈਂ।
ਤੁਰਕ ਸ਼ਰ੍ਹਾ ਬਿਰਧਾਵਨਿ ਕਉ ਚਹਿ[†]। [†]ਪਾ:-ਮਗ ਮੈਂ।
ਦੇਸ਼ ਬਿਦੇਸ਼ਨਿ ਰਾਜ ਬਿਸ਼ੇਸ਼ਹਿ।
ਔਰੰਗ ਦੁਸ਼ਟ ਸੁ ਕਰਤਿ ਅਸ਼ੇਸ਼ਹਿ
॥੩੯॥
ਪੂਰਬ ਤਪ ਕੇ ਬਲ ਕੋ ਪਾਇ।
ਜਗ ਮਹਿਂ ਬਹੁਤਨਿ ਕੋ ਦੁਖਦਾਇ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ।
ਹਿੰਦੂ ਅਨਿਕ ਧਰਮ ਗੇ ਹਾਰ ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

੩੩. [ਮੁੱਲਾਂ, ਕਾਜ਼ੀਆਂ ਦਾ ਨੁਰੰਗੇ ਨੂੰ ਪ੍ਰੇਰਨਾ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:
ਹਿੰਦੁਨਿ ਸੰਗ ਬਦ ਬਰ[1] ਭਯੋ,
ਇਮ ਨੁਰੰਗ ਤੁਰਕੇਸ਼।
ਤੁਰਕਨਿ ਮਿਲਿ ਕਰਿ ਏਕ ਹੁਇ,
ਰਚਹਿਂ ਉਪਾਇ ਬਿਸ਼ੇਸ਼ ॥੧॥

[1]ਬਹੁਤ ਬੁਰਾ।

ਚੌਪਈ:
ਭੂਮਿ ਭੌਨ ਕੇ ਧਨ ਕੇ ਝਗਰੇ।
ਸਾਕ ਕਰਨਿ ਆਦਿਕ ਜੇ ਸਗਰੇ।
ਹਿੰਦੁ ਹੋਇ ਤੁਰਕ ਬਨ ਜਾਇ।
ਤਿਸ ਕੋ ਸਭਿ ਤੇ ਦੇਹਿਂ ਜਿਤਾਇ ॥੨॥
ਕਿਧੌਂ ਛੁਧਾਤੁਰ ਹਿੰਦੂ ਹੋਇ।
ਕੈ ਦਾਰਿੱਦ੍ਰੀ ਧਨ ਚਹਿ ਕੋਇ।
ਤਿਸ ਤੇ ਆਦਿ ਅਨੇਕ ਪ੍ਰਕਾਰੇ।
ਜਿਮ ਕਿਮ ਤੁਰਕ ਬਨਾਇ ਬਿਗਾਰੇਂ ॥੩॥
ਚਹਹਿਂ ਸੁ ਦੇਹਿਂ, ਦੀਨ ਮਹਿਂ ਆਵੈ[1]।

[1]ਜੋ ਚਾਹੁਣ ਸੋ ਦੇਂਦੇ ਹਨ (ਇਸ ਤਰ੍ਹਾਂ) ਦੀਨ ਵਿਚ ਆਂਵਦੇ ਹਨ।

ਪੁਨਹਿ ਜੀਵਕਾ ਤਾਂਹਿ ਬਨਾਵੈਂ।
ਸਭਿ ਦੇਸ਼ਨਿ ਮਹਿਂ ਅਸ ਗਤਿ ਹੋਈ।
ਰਾਖਾ ਦੁਤਿਯ ਨ ਦੀਸਤਿ ਕੋਈ ॥੪॥
ਜਹਿਂ ਜਹਿਂ ਦ੍ਰਿੜ੍ਹਤਾ ਹਿੰਦੁਨਿ ਕੇਰੀ।
ਤਹਿਂ ਤਹਿਂ ਜ਼ੋਰ ਪਾਇ ਕਰਿ ਜ਼ੇਰੀ[1]।

[1]ਨੀਵੇਂ ਕੀਤੇ।

ਜਿਸ ਨੇ ਅਜ਼ਮਤ ਕਿਛੁ ਦਿਖਰਾਈ।
ਤਿਸ ਤੇ ਹਟਕ ਰਹਯੋ ਪਛੁਤਾਈ ॥੫॥
ਬਨਯੋ ਨ ਤੁਰਕ, ਕਰਯੋ ਹਠ ਜਾਂਹੀ।
ਅਰੁ ਅਜ਼ਮਤ ਦੀਨਸਿ ਕਿਮ ਨਾਂਹੀ।
ਤਤਛਿਨ ਤਿਸੈ ਗਹੈ ਸੰਘਾਰੈ।
ਅਰੁ ਤਿਸ ਕੋ ਪੱਖੀ ਗਹਿ ਮਾਰੈ ॥੬॥
ਮਹਾਂ ਕ੍ਰੂਰ ਕਰਮਾ ਮਤਿ ਮੰਦ।
ਕਾਜ਼ੀ ਮੁੱਲਾਂ ਮੂੜ੍ਹ ਬਿਲੰਦ।
ਜਿਮ ਹਿੰਦੁਨਿ ਪਰ ਹੁਇ ਕਠਨਾਈ।

ਤਿਮ ਨੁਰੰਗ ਕੋ ਦੇਤਿ ਸਿਖਾਈ ॥੭॥
ਪੂਰਬ ਸੋ ਗੁਰ ਘਰ ਕੇ ਦ੍ਰੋਹੀ।
ਕਹਤਿ ਸੁ[1] ਮੰਦ ਬਾਤ ਜਿਮ ਹੋਹੀ।
ਸ਼ਾਹੁਜਹਾਂ ਬਿਗਰਜੋ ਜਬਿ ਹੀ ਤੇ।
ਠਾਨਤਿ ਅਧਿਕ ਦ੍ਵੈਖ ਤਬਿ ਹੀ ਤੇ ॥੮॥
ਕਹਿ ਕਹਿ ਕੂਰੇ ਕ੍ਰੋਧ ਉਪਾਵੈਂ।
ਸਤਿਗੁਰ ਘਰ ਸੋਂ ਬੈਰ ਬਧਾਵੈਂ।
'ਸੁਨਹੁ ਸ਼ਾਹੁ ! ਹਿੰਦੁਨਿ ਗੁਰ ਏਕ।
ਜਿਸ ਕੋ ਮਾਨਹਿਂ ਦੇਸ਼ ਅਨੇਕ ॥੯॥
ਕਰਾਮਾਤ ਕੇ ਧਨੀ ਕਹਾਵੈਂ।
ਜੋ ਜਿਮ ਚਾਹੈਂ ਤਿਮ ਦਿਖਰਾਵੈਂ।
ਜਹਾਂਗੀਰ ਸ਼ਾਹੁ ਜੁ ਤੁਵ ਦਾਦਾ।
ਤਿਨਹੁੰ ਹਕਾਰੇ ਹਿਤ ਅਹਿਲਾਦਾ ॥੧੦॥
ਗ੍ਵਾਲੀਏਰ ਕੇ ਦੁਰਗ ਮਝਾਰੇ।
ਕਿਤਿਕ ਦਿਵਸ ਸੋ ਤਹਾਂ ਬਿਠਾਰੇ।
ਰਹਜੋ ਤਹਾਂ ਸਾਧਜੋ ਚਾਲੀਸਾ।
ਕਰਜੋ ਕਾਜ ਜਿਮ ਚਹਜੋ ਮਹੀਸ਼ਾ ॥੧੧॥
ਤਿਸ ਪਸ਼ਚਾਤ ਸਾਥ ਬਹੁ ਰਹੇ।
ਜਹਿਂ ਲਗਿ ਸ਼ਾਹ ਜੀਅਨਿ ਜਗ ਲਹੇ।
ਸ਼ਾਹਜਹਾਂ ਹੋਯੋ ਤਿਸ ਪਾਛੇ।
ਰਹੇ ਸੰਗ ਕੁਛ ਦਿਨ ਬਿਧਿ ਆਛੇ ॥੧੨॥
ਬਿਗਰ ਪਰਜੋ ਤਬਿ ਸ਼ਾਹੁ ਰਿਸਾਯੋ।
ਲਸ਼ਕਰ ਤਿਸ ਪਸ਼ਚਾਤ ਚਢਾਯੋ।
ਤਿਨ ਕੋ ਸ਼੍ਰੀ ਅੰਮ੍ਰਿਤਸਰ ਥਾਨ।
ਚਢਿ ਤੁਰਨ ਤਹਿਂ ਕੀਨ ਪਯਾਨ ॥੧੩॥
ਬਡੋ ਜੰਗ ਐਸੇ ਤਹਿਂ ਭਯੋ।
ਲਸ਼ਕਰ ਬ੍ਰਿੰਦ ਲਰਤਿ ਹੀ ਛਯੋ[1]।
ਗਨ ਸੁਭਟਨਿ ਅਰੁ ਹਯਨਿ ਖਪਾਯੋ।
ਜਿਯਤਿ ਰਹਜੋ ਦਲ ਤ੍ਰਸਤਿ ਭਜਾਯੋ ॥੧੪॥
ਸ਼ਾਹਿਜਹਾਂ ਸੁਨਿ ਰਿਸਜੋ ਬਿਸਾਲਾ।
ਪਠਨਿ ਲਗਜ ਲਸ਼ਕਰ ਜਿਸ ਕਾਲਾ।

[1]ਭਾਵ ਕਾਜ਼ੀ ਆਦਿ ਕਹਿੰਦੇ ਹਨ।

[1]ਨਾਸ਼ ਹੋ ਗਿਆ।

ਛੋਰਿ ਸੁਧਾਸਰ ਕੋ ਤਬਿ ਗਏ।
ਜੰਗਲ ਦੇਸ਼ ਪ੍ਰਵੇਸ਼ਤਿ ਭਏ ॥੧੫॥
ਪੁਨ ਤਹਿਂ ਜਾਇ ਤੁਰੰਗ ਕਢਿਵਾਏ।
ਦਰਿਆਉਨਿ ਤਰਿ ਗੁਨ ਸਮੁਦਾਏ[1]।

[1]ਦਰੀਆਵਾਂ ਦੇ ਤੈਰਨ (ਆਦੀ) ਬਹੁਤੇ ਗੁਣਾਂ ਵਾਲੇ (ਘੋੜੇ)।

ਲੱਲਾ ਕੰਬਰ ਸੂਬੇ ਦੋਇ।
ਕਰੇ ਪਠਾਵਨਿ ਰਿਸ ਮੈਂ ਹੋਇ ॥੧੬॥
ਜੰਗਲ ਦੇਸ਼ ਜੰਗ ਕਰਿ ਭਾਰੋ।
ਦੋਨਹੁਂ ਕੋ ਦਲ ਜੁਤਿ ਸੰਘਾਰੋ।
ਪੁਨ ਕਰਤਾਰ ਪੁਰੇ ਮਹਿਂ ਲਰਿਓ।
ਤਹਿਂ ਭੀ ਲਸ਼ਕਰ ਲਰ ਬਹੁ ਮਰਿਓ ॥੧੭॥
ਅਬਿ ਗਾਦੀ ਪਰ ਤਿਸ ਕੋ ਪੋਤਾ।
ਦੀਰਘ ਕਰਾਮਾਤ ਕੌ ਪੋਤਾ[1]।

[1]ਜਹਾਜ਼।

ਦਾਰਸ਼ਕੋਹ ਮਿਲਜੋ ਤਿਸ ਜਾਈ।
ਅਪਨਿ ਹਕੀਕਤਿ ਸਕਲ ਸੁਨਾਈ ॥੧੮॥
ਦੇਤਿ ਰਹਜੋ ਤਿਸ ਕੋ ਉਪਦੇਸ਼।
-ਕਰਿ ਭ੍ਰਾਤਾ ਸੋ ਜੁਧ ਵਿਸ਼ੇਸ਼।
ਹਮ ਸੰਗੀ ਤੁਵ ਲਰਬੇ ਮਾਂਹਿ।
ਸੇਵਕ ਸੈਨ ਸਕਲਹਿਂ ਪਾਹਿ ॥੧੯॥
ਅਪਰ ਭੂਪ ਲੇਂ ਸੰਗ ਮਿਲਾਇ।
ਜਯੋਂ ਤਯੋਂ ਤੁਝ ਕੋ ਕਰੈਂ ਸੁ ਰਾਇ[1]।

[1]ਰਾਜਾ।

ਪਤਿਸ਼ਾਹਿਤ ਕੋ ਮਾਲਿਕ ਅਹੈਂ।
ਤੇਰੋ ਸਾਥ ਸਦਾ ਨਿਰਬਹੈਂ[†]- ॥੨੦॥

[†]ਦੇਖੋ ਇਸੇ ਰਾਸ ਦੇ ਅੰਸੂ ੧੮ ਅੰਕ ੧੬ ਦੀ ਹੇਠਲੀ ਟੂਕ।

ਅਸ ਮਸਲਤ ਬਹੁਤੀ ਸਿਖਲਾਈ।
ਚਹਤਿ ਭਯੋ ਤੁਮ ਸੰਗ ਲਰਾਈ।
ਦਾਰਸ਼ਕੋਹੁ ਸਾਥ ਕਰਿ ਪਜਾਰਾ।
ਬੈਰ ਠਾਨਿ ਚਹਿ ਤੁਮਹਿਂ ਬਿਗਾਰਾ ॥੨੧॥
ਤੁਮਰੇ ਭਯੋ ਖੁਦਾਇ ਸਹਾਈ।
ਪਤਿਸ਼ਾਹਿਤ ਸਭਿ ਜਗ ਕੀ ਪਾਈ।

ਅਬਿ ਸੋ ਦੇਸ਼ ਤੁਮਾਰੇ ਰਹੇ।
ਭਲੋ ਆਪ ਕੋ ਜੋ ਨਹਿਂ ਚਹੇ ॥੨੨॥
ਕਰਾਮਾਤ ਕੋ ਧਨੀ ਕਹਾਵੈ।
ਹਿੰਦੂ ਭੇਟ ਅਸੰਖ ਚਢਾਵੈਂ।
ਸਭਿਹਿਨਿ ਕੋ ਦੇ ਨਿਜ ਉਪਦੇਸ਼।
ਸੇਵਕ ਕੀਨਸਿ ਦੇਸ਼ ਅਸ਼ੇਸ਼ ॥੨੩॥
ਅਬਿ ਤਿਸ ਕੋ ਨਿਜ ਨਿਕਟਿ ਹਕਾਰੋ।
ਕਰਾਮਾਤ ਕੋ ਲੇਨਿ ਉਚਾਰੋ।
ਜੋ ਕੁਛ ਕਹੋ ਸੁ ਦੇ ਦਿਖਰਾਇ।
ਹਰਖ ਉਪਾਵਹੁ ਅਚਰਜ ਪਾਇ ॥੨੪॥
ਨਾਂਹਿ ਤ ਸ਼ਰ੍ਹਾ ਬਿਖੈ ਲੈ ਆਵਹੁ।
ਬੰਛਤਿ ਰਿਦੈ ਮਨੋਰਥ ਪਾਵਹੁ।
ਹਿੰਦੁਨਿ ਕੇ ਅਲੰਬ ਬਡ ਭਾਰੇ।
ਇਸ ਬਿਨ ਸੇ ਹੁਇਂ ਤੁਰਕ ਸੁਖਾਰੇ[1] ॥੨੫॥

[1]ਇਸ (ਗੁਰੂ ਜੀ ਤੋਂ) ਬਿਨਾਂ (ਸ =) ਉਹ (= ਹਿੰਦੂ) ਤੁਰਕ ਛੇਤੀ ਹੋ ਜਾਣਗੇ। (ਅ) ਇਸ (ਅਲੰਬ) ਦੇ ਟੁੱਟਿਆਂ ਸੌਖੇ ਤੁਰਕ ਹੋ ਜਾਣਗੇ।

ਲਾਖਹੁਂ ਇਨ ਕੇ ਕਹੇ ਮਝਾਰ।
ਜਿਮ ਇਹ ਕਹਿਤ ਕਰਤਿ ਤਿਮ ਕਾਰ।
ਦੀਨ ਲੇਨਿ ਕਹੁ ਇਹ ਉਪਦੇਸ਼ਹਿਂ।
ਆਇਂ ਸ਼ਰ੍ਹਾ ਮਹਿਂ ਹਿੰਦੁ ਅਸ਼ੇਸ਼ਹਿਂ ॥੨੬॥
ਅਪਨਿ ਆਪ ਕੋ ਗੁਰੂ ਕਹਾਵੈਂ।
ਸਭਿਹਿਨਿ ਤੇ ਨਿਜ ਚਰਨ ਪੁਜਾਵੈਂ।
ਰਾਹੁ ਸ਼ਰ੍ਹਾ ਇਹੁ ਮਾਨਹਿਂ ਜਬੈ।
ਬਿਨਾਂ ਕਹੇ ਤੁਰਕ ਸੁ ਹੁਇਂ ਸਬੈ ॥੨੭॥
ਦੋ ਮਹਿਂ ਭਲੀ ਬਾਤ ਇਕ ਹੋਇ।
ਅਜ਼ਮਤ ਕਹੇ ਦੇਹਿਂਗੇ ਸੋਇ।
ਕਿਤੀ ਬਿਧਿਨਿ ਅਨਬਨ ਬਨਿਵਾਵਹੁ[1]।

[1]ਕਿਤਨੀਆਂ ਅਣ ਬਣ ਰੀਤੀਆਂ (ਇਨਾਂ ਪਾਸੋਂ ਬਨਵਾਵੋ)।

ਅਦਭੁਤ ਦੇਖਹੁ ਉਰ ਹਰਖਾਵਹੁ ॥੨੮॥
ਨਾਂਹਿ ਤ ਅਲਪ ਜਤਨ ਤੇ ਸਾਰੇ।
ਹਿੰਦੂ ਤੁਰਕ ਬਨਹਿਂ ਇਕ ਬਾਰੇ।
ਇਸ ਤੇ ਨੀਕੀ ਬਾਤ ਨ ਔਰ।

ਪਠਹੁ ਹਕਾਰਨਿ[1] ਹੈਂ ਜਿਸ ਠੌਰ ॥੨੯॥ [1]ਬੁਲਾ ਭੇਜੋ।
ਵਸਤੁ ਜੁ ਅਪਨੇ ਹਾਥ ਨ ਆਵੈ।
ਤਿਹ ਕਹਿ ਦੇਵਹੁ ਤੁਰਤ ਮੰਗਾਵੈ।
ਜਬਿ ਕੁਛ ਸੁਧ ਕਿਸ ਬਿਧਿ ਤੇ ਲੀਨੀ।
ਤਬਿ ਤੁਮ ਕਹੋ, ਕਰਹਿਂ ਸੋ ਦੀਨੀ[1]' ॥੩੦॥ [1]ਸੋ ਕਰ ਦੇਣਗੇ।
ਇਮ ਕਾਜ਼ੀ ਮੁੱਲਾਂ ਉਲਮਾਉ[1]। [1]ਆਲਮ ਫਾਜ਼ਲ।
ਕਹਿ ਕਹਿ ਬਹੁ ਬਿਧਿ ਬਾਕ ਪ੍ਰਭਾਉ[1]। [1]ਪ੍ਰਭਾਵ (ਅਸਰ) ਵਾਲੇ ਵਾਕ।
ਭਲੇ ਪ੍ਰਬੋਧੈਂ ਲਾਭ ਦਿਖਾਵਹਿਂ।
'ਫਲਹਿ ਮਨੋਰਥ ਤੋਹਿ ਜਨਾਵਹਿਂ[1] ॥੩੧॥ [1]ਤੈਨੂੰ (ਉਹ ਗੱਲ) ਦੱਸਦੇ ਹਾਂ(ਅਸੀਂ ਕਿ) ਜਿਸ ਨਾਲ ਤੇਰਾ ਮਨੋਰਥ ਸਿੱਧ ਹੋ ਜਾਵੇ।
ਅਜ਼ਮਤ ਸੋਂ ਹੋਵਹਿਂ ਭਰਪੂਰ।
ਕਿਧੌਂ ਪੁਰਖ ਸਾਹਿਬ ਸ਼ਾਹੂਰ[1]। [1]ਅਕਲਮੰਦ [ਅ:. ਸਾਹਿਬ ਸ਼ਊਰ]
ਕਿਧੋਂ ਇਲਮ ਕੋ ਹੈ ਉਲਮਾਉ।
ਕੈ ਖ਼ੁਦਾਇ ਕੋ ਸੁਮਗ ਜਨਾਉ ॥੩੨॥
ਸ਼ਾਹ ਆਪ ਤੁਮ ਦਾਨਸ਼ਵੰਦ।
ਸਭਿ ਕੋ ਸਮਝਹੁ ਮਗਜ਼ ਬਿਲੰਦ।
ਤਉ ਹਮੈਂ ਕਹਿਬੋ ਇਮ ਬਨੈ।
ਜਿਸ ਤੇ ਪ੍ਰਾਪਤਿ ਹੁਇ ਹਿਤ ਸਨੈ ॥੩੩॥
ਇਕ ਤੌਂ ਪਾਛਲ ਬੈਰ ਸੰਭਾਰਹੁ।
ਅਜ਼ਮਤ ਬਹੁਤ ਪ੍ਰਕਾਰ ਨਿਹਾਰਹੁ।
ਜੇ ਨ ਹੋਇ ਤੌਂ ਮੁਸ਼ਕਲ ਕਰੋ[1]। [1]ਔਖਿਆਂ ਕਰੇ (ਉਨ੍ਹਾਂ ਨੂੰ)।
ਤਿਨ ਕੋ ਧਰਮ ਜ਼ੋਰ ਤੇ ਹਰਹੁ' ॥੩੪॥
ਸੁਨਤਿ ਸ਼ਾਹੁ ਕੇ ਮਨ ਮੈਂ ਭਾਈ।
ਮਿਲਿ ਮੂਢਨਿ ਜੋ ਬਾਤ ਬਤਾਈ।
-ਰਾਜ ਤੇਜ ਮੇਰੋ ਹੁਇ ਹਾਨੀ- ॥
ਮੂਰਖ ਨੇ ਇਹ ਬਾਤ ਨ ਜਾਨੀ ॥੩੫॥
-ਸਾਹਿਬ ਕਰਾਮਾਤ ਜੇ ਨਰ ਹੈਂ।
ਚਿਤ ਬਾਂਛਨਿ ਕੋ ਤਤਛਿਨ ਕਰਿ ਹੈਂ।
ਤਿਨ ਸੋਂ ਬਨਹਿ ਬੇਨਤੀ ਕਰਨੀ।
ਹਲਤ ਪਲਤ ਸੁਖਦਾ ਇਮ ਬਰਨੀਂ-

॥੩੬॥
ਪਤਿਸ਼ਾਹਿਤ ਪ੍ਰਾਪਤਿ ਤੇ ਗਰਬ।
ਨਿਜ ਕੋ ਬਡੋ ਲਖਹਿ ਲਘੁ ਸਰਬ।
-ਮੋਹਿ ਸਮਾਨ ਨ ਜਗ ਮਹਿਂ ਆਨ।
ਬਲ ਜੁਤਿ ਦਾਨਸ਼ਵੰਦ ਮਹਾਨ- ॥੩੭॥
ਪਦਰ ਜਿ ਦਾਦਾ ਤਿਨ ਲਘੁ ਜਾਨੇ।
ਅਪਰਨਿ ਕੀ ਕਜਾ ਬਾਤ ਬਖਾਨੇ।
-ਮੁਝ ਸਮ ਅਕਲ ਨ ਤਿਨ ਮੈਂ ਹੋਈ।
ਕਰਿ ਨ ਸਕਹਿਂ, ਮੈਂ ਕਰਿ ਹੌਂ ਜੋਈ-
॥੩੮॥
ਇਮ ਲਖਿ ਕਰਿ ਅਫਰਜੋ ਹੰਕਾਰੀ।
ਸਭਿਨਿ ਸੰਗ ਬਿਗਰਜੋ ਬੁਧਿਹਾਰੀ।
ਜਿਨ ਕੇ ਏਕ ਬਾਕ ਤੇ ਹੋਵੈ।
ਏਤੋ ਬਨਜੋ ਕਹਤਿ ਹੀ ਖੋਵੈ[1] ॥੩੯॥

[1] 'ਜਿਨਾਂ ਦੇ ਇਕ ਬਚਨ ਦੇ ਕਹਿਣ ਨਾਲ (ਜੋ ਕਹਿਣ) ਹੋ ਜਾਏਗਾ (ਅਰ) ਇਤਨਾਂ ਬਣਿਆਂ (ਸਮਾਜ) ਕਹਿੰਦੇ ਸਾਰ ਖੁੱਸ ਜਾਵੇਗਾ।

ਤੁੱਛ ਪਦਾਰਥ ਜਗ ਕੇ ਪਾਇ।
ਤਿਨ ਸੋਂ ਅਰਨਿ ਚਹਜੋ ਚਿਤ ਚਾਇ।
ਕਜਾ ਪ੍ਰਾਪਤ ਫਲ ਹ੍ਵੈ, ਨਹਿਂ ਜਾਨਜੋ।
ਸਕਲ ਹਾਨ ਲਹਿ, ਇਮ ਨ ਪਛਾਨਜੋ
॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਤੀਨਤ੍ਰਿੰਸਤੀ ਅੰਸੂ ॥੩੩॥

੩੪. [ਔਰੰਗਜ਼ੇਬ ਦੀ ਸਤਿਗੁਰਾਂ ਨੂੰ ਚਿੱਠੀ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਮਿਲਿ ਸੂਬੇ ਉਮਰਾਵ ਜੇ,
ਬਹੁਰ ਮੁਲਾਨੇ ਬ੍ਰਿੰਦ।
ਨੌਰੰਗ ਕੋ ਸਮੁਝਾਵਹੀਂ,
ਗੁਰ ਦਿਸ਼ਿ ਦ੍ਰੋਹਿ ਬਿਲੰਦ ॥੧॥

ਚੌਪਈ:

'ਦਾਰਸ਼ਕੋਹ ਸਹਾਇਕ ਭਏ।
ਮਿਲੇ ਪਰਸਪਰ ਪ੍ਰੀਤੀ ਕਿਏ।
ਜਿਮ ਭ੍ਰਾਤਾ ਭਾ ਸ਼ੱਤ੍ਰ ਹਮਾਰੋ।
ਤਥਾ ਗੁਰ ਹਰਿਰਾਇ ਬਿਚਾਰੋ' ॥੨॥
ਸੁਨਿ ਔਰੰਗ ਉਰ ਬਿਖੈ ਰਿਸਾਯੋ।
ਮਕਰ ਫਰੇਬਨਿ ਕੋ[1] ਲਿਖਵਾਯੋ।
ਕੇਤਿਕ ਉਪਾਲੰਭ ਇਸ ਭਾਏ।
'ਘਰ ਸ਼੍ਰੀ ਨਾਨਕ ਫਕਰ ਸਦਾਏ ॥੩॥
ਸਭਿ ਕੋ ਦੇਖੈਂ ਏਕ ਸਮਾਨੇ।
ਮਿੱਤ੍ਰ ਸ਼ੱਤ੍ਰ ਕਿਸਹੂੰ ਨਹਿਂ ਜਾਨੇ।
ਦਾਰਾ ਕੀ ਤੁਮ ਕਰੀ ਹਿਮਾਇਤ।
ਸਲਤਨ ਦੀਨਸਿ ਦੇਸ਼ ਵਲਾਇਤ ॥੪॥
ਸੋ ਮੈਂ ਪਕਰਿ ਦਿਯੋ ਮਰਿਵਾਇ।
ਕਛੂਨ ਤੁਮਾਰੀ ਭਈ ਸਹਾਇ।
ਭਈ ਸੁ ਭਈ ਬੀਤ ਸਭਿ ਗਈ।
ਅਬਿ ਮਨ ਕਰਹੁ ਸਫਾਈ ਨਈ ॥੫॥
ਹਮ ਸੋਂ ਮਿਲਹੁ ਆਨਿ ਅਬਿ ਆਪ।
ਸਥਿਰ ਤਖਤ ਪਰ ਸਹਿਤ ਪ੍ਰਤਾਪ।
ਮਿਲਿਬੇ ਕੀ ਬਹੁ ਮੁਝ ਕੋ ਲਾਲਸ।
ਤੁਮ ਭੀ ਆਵਹੁ ਕਰਹੁ ਨ ਆਲਸ' ॥੬॥
ਲਿਖਯੋ ਸ਼ੌਕਨਾਮਾ ਇਸ ਰੀਤਿ।
ਅਤਿ ਮਤਿਮੰਦ ਕਪਟ ਧਰਿ ਚੀਤ।
ਸਨੇ ਸਨੇ ਸਤਿਗੁਰ ਢਿਗ ਆਯੋ।
ਪਠਿ ਕਰਿ ਸਗਲ ਪ੍ਰਸੰਗ ਸੁਨਾਯੋ ॥੭॥
ਸ਼੍ਰੀ ਅੰਤਰਜਾਮੀ ਸਭਿ ਜਾਨੀ।

[1]ਮਕਰ ਤੇ ਫਰੇਬ (ਦੀ ਚਿੱਠੀ)।

-ਕਪਟਮਤੀ ਤੁਰਕੇਸ਼ੁਰ ਠਾਨੀ-।
ਤਿਸ ਮੂਰਖਤਾ ਲਖਿ ਬਿਗਸਾਏ।
-ਸੰਤਨਿ ਸੋਂ ਇਹ ਦ੍ਰੋਹ ਕਮਾਏ- ॥੮॥
ਤਬਿ ਜਬਾਬ ਖਤ ਕੋ ਲਿਖਵਾਯਹੁ।
'ਹਮੇ ਜੁ ਮਿਲਨੇ ਹੇਤੁ ਬੁਲਾਯਹੁ।
ਤੋ ਸੰਗ ਨਹਿਂ ਕੁਛ ਕਾਮ ਹਮਾਰਾ।
ਨਹੀਂ ਦੇਸ਼ ਕੋ ਰਾਜ ਉਦਾਰਾ ॥੯॥
ਤੇਰੇ ਦਾਮ ਨਹੀਂ ਹਮ ਦੇਨੇ।
ਅਰੁ ਨਹਿਂ ਖਾਹਿਸ਼ ਤੁਮ ਤੇ ਲੇਨੇ।
ਪੀਰ ਮੁਰੀਦੀ ਨਾਂਹਿਨ ਕੋਈ।
ਕੌਨ ਹੇਤੁ ਕਰਿ ਮਿਲਿਬੋ ਹੋਈ ॥੧੦॥
ਅਰੁ ਜੇ ਦਾਰਸ਼ਕੋਹ ਪ੍ਰਸੰਗ।
ਸਲਤਨ ਦੇਨਿ ਲਿਖ੍ਯੋ ਹਮ ਸੰਗ।
ਅਟਲ ਸੁ ਛੱਤ੍ਰ ਤਖਤ ਤਿਸ ਦੀਨੋ।
ਸਦਾ ਦੀਨ ਕੋ ਦੁਖੀ ਨ ਲੀਨੋ[1] ॥੧੧॥

[1]ਉਸ ਨੇ ਇਸ ਦੁਨੀਆਂ ਦਾ) ਦੁਖਦਾਈ। (ਰਾਜ) ਨਹੀਂ ਲਿਆ।

ਦਾਨਸ਼ਵੰਦ ਦੁਨੀ ਲਖਿ ਫਾਨੀ[1]।

[1]ਨਾਸ਼ਮਾਨ।

ਤਜਾਗੀ, ਲੈਬੇ ਕਹੁ ਨਹਿਂ ਮਾਨੀ।
ਕਰਹਿ ਦੀਨ ਕੀ ਸਦ ਪਤਿਸ਼ਾਹੀ।
ਅਚਲ ਬਿਸਾਲ ਚਲੈ ਕਬਿ ਨਾਂਹੀ ॥੧੨॥
ਜਿਸ ਪਰ ਮਿਹਰ ਰੱਬ ਕੀ ਹੋਇ।
ਦਾਰਸ਼ਕੋਹ ਮਨਿੰਦੈ ਸੋਇ।
ਪਤਿਸ਼ਾਹਿਤ ਹਮ ਤੇ ਨਹਿਂ ਲੀਨੀ।
ਲਈ ਦੀਨ ਕੀ ਸਲਤਨ ਪੀਨੀ[1] ॥੧੩॥

[1]ਭਾਰੀ ਰਾਜ।

ਜੇ ਦਿਲ ਸ਼ੁਭੈ[1] ਤੁਮਾਰੇ ਲਹੈ।

[1]ਸ਼ੱਕ।

ਦਾਰਾ ਸਲਤਨ ਨਹੀਂ ਕਿ ਐਹੈ[1]।

[1]ਦਾਰਾ ਦੀ ਪਾਤਸ਼ਾਹੀ ਹੈ ਕਿ ਨਹੀਂ।

ਤੌ ਤੁਝ ਖ੍ਵਾਬ ਬੀਚ ਦਿਖਰਾਵੈ।
ਤਿਸ ਕੋ ਨਿਸ਼ਚਾ ਰਿਦੈ ਟਿਕਾਵੈਂ ॥੧੪॥
ਜਬਿ ਸੁਪਤਹੁ ਤੁਮ ਐਸੇ ਕਰਨਾ।
ਦਾਰਸ਼ਕੋਹ ਧਜਾਨ ਉਰ ਧਰਨਾ।
ਕਰਹੁ ਸੈਨ ਹ੍ਵੈ ਖ੍ਵਾਬ ਤੁਮਾਰੇ[1]।

[1]ਤੈਨੂੰ ਸੁਪਨਾ ਆਵੇਗਾ।

ਭਲੋ ਬੁਰੋ ਸਭਿ ਲੇਹੁ ਨਿਹਾਰੇ ॥੧੫॥
ਕਰਹੁ ਕਪਟ ਘਟ ਦੇਹੁ ਮਿਟਾਇ[1]। [1]ਜੋ ਕਪਟ ਕਰਦੇ ਹੋ ਸੋ ਦਿਲੋਂ ਮਿਟਾ ਦਿਓ।
ਜਾਨਹੁ ਸਭਿ ਕੋ ਏਕ ਖੁਦਾਇ।'
ਇੱਤਜਾਦਿਕ ਲਿਖਿ ਗੁਰੂ ਪਠਾਯੋ।
ਕਾਸਦ[1] ਲੇ ਅਵਰੰਗ ਪਹਿ ਆਯੋ ॥੧੬॥ [1]ਹਲਕਾਰਾ।
ਲੇ ਕਰਿ ਪਠ੍ਯੋ ਤਬੈ ਬਦਸ਼ਾਹੁ।
ਦਾਰਾ ਕੀ ਜਿਸ ਬਿਖੈ ਸਲਾਹੁ।
ਜਰ੍ਯੋ ਰਿਦੈ ਰਿਸ ਕਰਤਿ ਬਡੇਰੀ।
ਬਸ[†] ਕਛੁ ਚਲਹਿਂ ਨਹੀਂ ਤਿਸ ਬੇਰੀ ॥੧੭॥ [†]ਪਾ:-ਤਬ।
-ਅਬਿ ਭੀ ਮੁਝ ਕੋ ਕਛੂ ਨ ਜਾਨਾ।
ਸਕਲ ਜਗਤ ਕੋ ਭਾ ਸੁਲਤਾਨਾ।
ਲਿਖੀ ਸਿਫਤ ਦਾਰਾ ਕੀ ਫੇਰ।
ਸ਼ਰ੍ਹਾ ਵਹਿਰ ਲਖਿ ਮਾਰ੍ਯੋ ਗੇਰਿ[1]- ॥੧੮॥ [1]ਮਾਰ ਸੁੱਟਿਆਂ ਦਾਰਾ ਨੂੰ।
ਇਮ ਗਿਨਤੀ ਮਨ ਗਿਨਤਿ ਬਿਸਾਲਾ।
ਨਿਸਾ ਭਈ ਭਾ ਸੁਪਤਨਿ ਕਾਲਾ।
ਦਾਰਾ ਕੋ ਚਿਤਵਤਿ ਰਿਸ ਧਰੇ।
ਰਚਿਰ ਪ੍ਰਯੰਕ ਪੌਢਿਬੋ ਕਰੇ ॥੧੯॥
ਭਯੋ ਨੀਂਦ ਬਸਿ ਸੁਪਨੋ ਆਯੋ।
ਦਾਰਸ਼ਕੋਹ ਨੂਰ ਦਰਸਾਯੋ।
ਬੈਠ੍ਯੋ ਤਖਤ ਛੱਤ੍ਰ ਸਿਰ ਢੁਰੇ।
ਮਹਾਂ ਜਲੂਸ[1] ਚਹੂੰ ਦਿਸ਼ਿ ਕਰੇ ॥੨੦॥ [1]ਦਰਬਾਰ [ਅ: ਜਲੂਸ = ਤਖਤ ਸ਼ਾਹੀ ਪਰ ਬੈਠਣਾ]
ਹੂਰਾਂ ਅਨਿਕ ਸਰੋਦਨਿ[1] ਗਾਵੈਂ। [1]ਰਾਗ।
ਅਨਿਕ ਭਾਵ ਕਰਿ ਤਾਨ ਰਿਝਾਵੈਂ।
ਢੁਰਤਿ ਚਮਰ ਚਹੁੰ ਦਿਸ਼ਿ ਚਲ ਚਾਲਾ[1]। [1]ਚੰਚਲ।
ਚਮਤਕਾਰ ਹ੍ਵੈ ਰਹ੍ਯੋ ਉਜਾਲਾ ॥੨੧॥
ਦਾਸ ਅਨੇਕ ਖਰੇ ਕਰ ਜੋਰੇ।
ਆਇਸੁ ਦੇਤਿ, ਕਰਤਿ ਸੋ ਦੌਰੇ।
ਫੂਲ ਅਜਾਇਬ ਕੀ ਗਰ ਮਾਲਾ।
ਚਹੁੰਦਿਸ਼ਿ ਬਿਥਰੀ ਸ਼ੋਭ ਬਿਸਾਲਾ ॥੨੨॥

ਚੋਆ ਚਾਰੁ ਅਤਰ ਖੁਸ਼ਬੋਇ।
ਮਹਿਕਤਿ ਚਹੁੰਦਿਸ਼ਿ ਆਨੰਦ ਹੋਇ।
ਕੰਚਨ ਕੋ ਮੰਦਰ ਮਨਿ ਖਚੇ।
ਜਿਸ ਮਹਿਂ ਖਗ ਮ੍ਰਿਗ ਸੁੰਦਰ ਰਚੇ ॥੨੩॥
ਨੌਬਤ ਨਾਦ ਹੋਤਿ ਮੁਦਕਾਰੀ।
ਬੀਨਾ ਬਜਹਿਂ ਅਨੇਕ ਪ੍ਰਕਾਰੀ।
ਚਹੁੰਦਿਸ਼ਿ ਸੁਜਸੁ ਕਰਤਿ ਬਹੁ ਖਰੇ।
ਦਾਰਸ਼ਕੋਹੁ ਹੁਕਮ ਕੋ ਕਰੇ ॥੨੪॥
ਬਹੁਤ ਬਾਹਨੀ ਭਟ ਬਰਿਆਰੇ[1]।
ਵਾਹਨ ਅਨਿਕ ਪ੍ਰਕਾਰ ਸ਼ਿੰਗਾਰੇ।
ਤਨਜੋ ਬਿਤਾਨ ਦੇਖਿ ਮਨਮੋਹਤਿ।
ਸਰਬ ਸਮਾਜ ਸ਼ੋਭ ਤੇ[1] ਸੋਹਿਤ ॥੨੫॥
ਆਪਨੋ ਪੌ ਪੁਨ ਪਿਖਿ ਬਿਕਰਾਲਾ।
ਬੇਸ ਮਲੀਨ ਰੂਪ ਚੰਡਾਲਾ।
ਭਰਜੋ ਟੋਕਰਾ ਬਿਸ਼ਟਾ ਸਾਥ।
ਰਹਜੋ ਉਠਾਇ ਆਪਨੇ ਮਾਥ ॥੨੬॥
ਊਪਰ ਸੋਂ ਬਰਖਾ ਜਲ ਪਰੈ।
ਚਖ ਮੁਖ ਪਰ ਸੋ ਬਿਸ਼ਟਾ ਢਰੈ।
ਦ੍ਵੈ ਇਸ ਕੀ ਦਿਸ਼ਿ ਦੌਰਤਿ ਆਏ।
ਮਾਰਿ ਲਸ਼ਟਕਾ ਦਯੋ ਹਟਾਏ ॥੨੭॥
ਹਟਜੋ ਤਹਾਂ ਤੇ ਤਿਨ ਕੋ ਮਾਰਜੋ।
ਫਿਸਲਤਿ ਮੰਦ ਮੰਦ ਪਦ ਧਾਰਜੋ।
ਪੁਨ ਸੋ ਮਾਰਤਿ ਕਰਤਿ ਪਲਾਇਨਿ।
ਦੀਨ ਨਿਬਲ ਤੇ ਭਾਜਜੋ ਜਾਇ ਨ ॥੨੮॥
ਭੇਸ ਭਯਾਨਕ ਭੈ ਧਰਿ ਭਾਰੀ।
ਭਾਜਤਿ ਗਮਨਜੋਂ ਗਿਰਜੋ ਅਗਾਰੀ।
ਤਬਿਹੀ ਖੁਲੇ ਬਿਲੋਚਨ ਜਾਗਾ।
ਸ਼੍ਰੀ ਗੁਰ ਕੇ ਬਚ ਸਿਮਰਨਿ ਲਾਗਾ ॥੨੯॥
-ਲਿਖ ਜੋ ਪਠਜੋ, ਸੁ ਮੁਝ ਸੋਂ ਹੁਯੋ-।

[1]ਬਲਵਾਨ।
[1]ਸ਼ੋਭਾ ਨਾਲ।

ਬਹੁਤ ਬਿਸੂਰਤਿ ਸੰਕਟ ਭਯੋ।
ਦਾਰਾ ਕੋ ਜਲੂਸ[2] ਬਡ ਦੇਖਾ।
ਉਰ ਅਫਸੋਸਤਿ ਕ੍ਰੋਧ ਵਿਸ਼ੇਖਾ ॥੩੦॥
-ਇਹ ਕਜ਼ਾ ਭਯੋ ਨ ਜਾਨ੍ਯੋ ਗਯੋ।
ਸਿਹਰ[1] ਕਿਧੌਂ ਹਿੰਦੁਨਿ ਗੁਰ ਕਿਯੋ-। [1]ਜਾਦੂ।
ਦੁਬਿਧਾ ਚਿਤ ਮਹਿਂ ਭਾ ਮਨ ਭੰਗ।
ਕਹਿ ਨ ਸਕਹਿ ਪ੍ਰਸੰਗ ਕਿਹ ਸੰਗ ॥੩੧॥
ਬਹੁਤ ਬਿਚਾਰਤਿ ਕ੍ਰੋਧ ਬਧਾਇ।
ਸਮਝ੍ਯੋ ਨਹਿਂ ਮੂਰਖ ਇਸ ਭਾਇ[1]। [1]ਇਸ ਦਾ (ਅਸਲੀ) ਭਾਵ।
-ਸ਼੍ਰੀ ਹਰਿਰਾਇ ਸੰਗ ਕਰਿ ਦ੍ਵੈਸ਼।
ਤਿਨਹੁ ਕੀਨਿ ਇਹ ਸਿਰਰ[1†] ਵਿਸ਼ੇਸ਼ ॥੩੨॥ [1]ਮੈਂ ਦ੍ਵੈਸ਼ ਕੀਤਾ ਹੈ, ਉਨ੍ਹਾਂ ਨੇ ਤਾਂ ਇਹ ਗੁੱਝੀ ਗੱਲ ਕਰ (ਵਿਖਾਈ ਹੈ) [ਅ: ਸੱਰ = ਗੁੱਝੀ ਗੱਲ]। †ਸ਼ੁਧ ਪਾਠ 'ਸਿਹਰ' ਹੋਸੀ।
ਮੋਹਿ ਦਸ਼ਾ ਕੈਸੀ ਦਿਖਰਾਈ।
ਦਾਰਾ ਕੋ ਪਾਤਿਸ਼ਾਹੁ ਬਨਾਈ।
ਪਠੌਂ ਸੈਨ ਗਹਿਵਾਇ ਮੰਗਾਵਉਂ।
ਮੈਂ ਅਪਨੀ ਅਬਿ ਸ਼ਕਤਿ ਦਿਖਾਵਉਂ- ॥੩੩॥
ਇਮ ਨਿਸ਼ਚੈ ਕਰਿ ਮੂਰਖਮਾਨੀ।
ਕੀਨਿ ਬਾਹਨੀ ਤਜਾਰ ਮਹਾਨੀ।
ਇਕ ਉਮਰਾਵ ਪਠ੍ਯੋ ਕਹਿ ਐਸੇ।
'ਗੁਰ ਕਉ ਲ੍ਯਾਵਹੁ ਜੈਸੇ ਕੈਸੇ ॥੩੪॥
ਜੇ ਕਰਿ ਜੰਗ ਕਰੈ ਅਰ ਪਰੈ।
ਸਨਮੁਖ ਲੋਹ ਤੁਮਹੁੰ ਸੋਂ ਕਰੈ।
ਤੂਰਨ ਲਿਖਹੁ ਮੋਹਿ ਦਿਸ਼ਿ ਫੇਰਿ।
ਬਹੁ ਲਸ਼ਕਰ ਭੇਜਉਂ ਬਿਨ ਦੇਰਿ ॥੩੫॥
ਕਰਹੁ ਸੰਘਾਰਨਿ ਕੈ ਗਹਿ ਲ੍ਯਾਵਹੁ।
ਨਹਿਂ ਮਾਰਗ ਮਹਿਂ ਬਿਲਮ ਲਗਾਵਹੁ।'
ਜੰਗ ਸਮਿੱਗ੍ਰੀ ਲੇ ਕਰਿ ਸਭੈ।
ਤੋਪ ਤੁਪਕ ਸਮੁਦਾਇਨਿ ਤਬੈ ॥੩੬॥
ਗਮਨ੍ਯੋ ਦਿੱਲੀ ਤੇ ਕਰਿ ਕੂਚ।
ਏਕ ਮਜਲ ਉਮਰਾਵ ਪਹੂਚਿ।

ਭਈ ਜਾਮਨੀ ਕੀਨਸਿ ਡੇਰਾ।
ਖਾਨ ਪਾਨ ਕਰਿ ਸੁਪਤਿ ਬਸੇਰਾ ॥੩੭॥
ਕੁਛ ਕਾਚੋ ਆਮਿਖ ਰਹਿ ਗਯੋ।
ਭੱਖਨਿ ਕੀਨਿ ਸੁਪਤਿ ਸੋ ਭਯੋ।
ਬਿਨਾਂ ਹਾਜ਼ਮੇ, ਹੈਜ਼ਾ ਹ੍ਵੈ ਕੈ।
ਸੋ ਮਰਿ ਗਯੋ ਤਹਾਂ ਦੁਖ ਪੈ ਕੈ ॥੩੮॥
ਪ੍ਰਾਤਿ ਭਈ ਤਿਸ ਕੋ ਦਫਨਾਯੋ।
ਲਿਖਿ ਅਵਰੰਗ ਕੇ ਨਿਕਟਿ ਪਠਾਯੋ।
ਤਹਿਂ ਤੇ ਸੋ ਲਸ਼ਕਰ ਹਟਿ ਗਯੋ।
ਮਹਾਂ ਸ਼ੋਕ ਤਿਨ ਹੂੰ ਮੈਂ ਭਯੋ ॥੩੯॥
ਕੇਤਕਿ ਦਿਨ ਬਿਤਾਇ ਕਰਿ ਫੇਰ।
ਨਹਿਂ ਮੁਰਾਦ[1] ਕੋ ਪ੍ਰਾਪਤਿ ਹੇਰਿ।
ਅਪਰ ਕੀਨਿ ਤਜਾਰੀ ਉਮਰਾਵ।
ਦੇ ਕਰਿ ਲਸ਼ਕਰ ਜੰਗ ਬਨਾਵ ॥੪੦॥
ਸ਼ਾਹੁ ਨਿਕਟਿ ਤ ਰੁਖ਼ਸਤ ਹੋਇ।
ਗਮਨਜੋ ਮਗ ਆਵਨਿ ਕੋ ਸੋਇ।
ਕਿਤਿਕ ਮਜਲ ਜਬਿ ਚਲਿ ਕਰਿ ਆਯੋ।
ਤੋਪ ਜੰਬੂਰ ਜੰਜੈਲਨਿ ਲਜਾਯੋ ॥੪੧॥
ਤਿਸ ਕੇ ਭਯੋ ਰੋਗ ਇਸ ਭਾਂਤੀ।
ਜਲਿਬੇ ਲਗੀ ਅਚਾਨਕ ਛਾਤੀ।
ਅਸਵਾਰੀ ਪਰ ਚਢ੍ਯੋ ਨ ਜਾਇ।
ਜਯੋਂ ਹਾਲਹਿ ਤਯੋਂ ਹਾਡ ਫੁਟਾਇਂ ॥੪੨॥
ਕੇਤਿਕ ਦਿਨ ਮਗ ਮਹਿਂ ਪਰਿ ਰਹਯੋ।
ਨੀਠ ਨੀਠ ਦਿੱਲੀ ਮਗ ਲਹਯੋ।
ਸੁਨਿ ਅਵਰੰਗ ਰਿਸਹਿ ਅਕੁਲਾਇ।
-ਤਹਿਂ ਲੌ ਪਹੁੰਚਿ ਨ ਕੋਈ ਪਾਇ- ॥੪੩॥
ਪੁਨ ਕੇਤਿਕ ਦਿਨ ਬੀਤੇ ਜਬੈ।
ਸ਼੍ਰੀ ਹਰਿਰਾਇ ਸਿਮਰਿ ਕਰਿ ਤਬੈ।
ਤ੍ਰਿਤੀਯੋ ਪੁਨ ਉਮਰਾਵ ਚਢਾਯੋ।
ਹੁਇ ਰੁਖ਼ਸਦ ਮਾਰਗ ਗਮਨਾਯੋ ॥੪੪॥
ਸੋ ਭੀ ਕੁਛ ਦੁਖ ਤੇ ਮਰਿ ਗਯੋ।

[1]ਮਨੋਰਥ। [ਅ: ਮੁਰਾਦ = ਇਰਾਦਾ ਕੀਤਾ ਗਿਆ]

ਕਈ ਬਾਰ ਇਮ ਭੇਜਤਿ ਭਯੋ।
ਆਧੋ ਪੰਥ ਨ ਉਲੰਘਯੋ ਕੋਈ।
ਹੋਤਿ ਬਿਘਨ ਪੀਛੇ ਹਟਿ ਸੋਈ ॥੪੫॥
ਸੰਗਤਿ ਦਿੱਲੀ ਤੇ ਚਲਿ ਆਈ।
ਬੰਦਨ ਕਰਿ ਅਕੋਰ ਅਰਪਾਈ।
ਸੋ ਕਰ ਜੋਰਤਿ ਕਰਿ ਅਰਦਾਸ।
'ਸ਼੍ਰੀ ਗੁਰੁ ਜੀ! ਸਭਿ ਬਿਘਨ ਬਿਨਾਸ਼
॥੪੬॥
ਸ਼ਾਹੁ ਸੈਨ ਬਹੁ ਬਾਰ ਪਠਾਈ।
ਭਏ ਬਿਘਨ ਤਮ ਲਗਿ ਨਹਿਂ ਆਈ।'
ਸੁਨਿ ਕਰਿ ਸ਼੍ਰੀ ਹਰਿਰਾਇ ਬਖਾਨਾ।
'ਗੁਰੂ ਪਿਤਾਮੇ ਪ੍ਰਭੁ ਮਹਾਨਾ ॥੪੭॥
ਤਿਨ ਕੋ ਕਹਯੋ ਬਾਕ ਫੁਰਿ ਹੋਤਾ।
-ਜੇ ਤੁਮ ਕੋ ਕੋ ਬਿਘਨ ਉਦੋਤਾ।
ਸੋ ਤਤਕਾਲ ਹਟਹਿ ਦੁਖ ਪਾਵਹਿ।
ਅਗਨਿ ਨਿਕਟਿ ਓਰਾ ਗਰ ਜਾਵਹਿ[1]
॥੪੮॥
ਤੁਮਰੇ ਨਿਕਟਿ ਨ ਆਵੈ ਕੋਈ।
ਉੱਦਮ ਕਰਤਿ ਬਿਨਾਸ਼ਨਿ ਹੋਈ-।
ਤਿਨ ਕੋ ਬਾਕ ਸਹਾਇਕ ਸਦਾ।
ਦੁਸ਼ਟ ਬਿਨਾਸ਼ਕ ਹੈ ਜਦ ਕਦਾ' ॥੪੯॥
ਕਹਯੋ ਸਭਾ ਮਹਿਂ ਸ਼੍ਰੀ ਹਰਿਰਾਇ।
ਸੁਨਿ ਸਿਖ ਭਾਖਹਿਂ 'ਤੁਮ ਸੁਖ ਭਾਇ।
ਹੋਇਂ ਬਿਨਾਸ਼ਨ ਸ਼ੱਤ੍ਰ ਤੁਮਾਰੇ।
ਕੋ ਸਮਰਥ ਜੋ ਸਕਹਿ ਨਿਹਾਰੇ[1]' ॥੫੦॥
ਉਤਹਿ ਸ਼ਾਹ ਕੋ ਕਹੰਤਿ ਮੁਲਾਨੇ।
'ਲਿਖਹੁ ਸਾਮਤਾ ਸਾਥ ਮਹਾਨੇ।
ਜਿਸ ਤੇ ਪ੍ਰੀਤ ਸੁ ਜਾਨੀ ਜਾਇ।
ਚਹਹੁ ਸੁ ਕਰਹੁ ਜਬਹਿ ਇਤ ਆਇ
॥੫੧॥
ਨਿਸ਼ਠੁਰ ਹਰਫ ਨ ਲਿਖੀਅਹਿ ਕੋਈ।
ਕਰਿ ਸਨਮਾਨ ਹਕਾਰਹੁ ਸੋਈ।

[1]ਗੜੇ (ਵਾਂਬੂ) ਗੱਲ ਜਾਂਦਾ ਹੈ।
[1]ਤੱਕ ਸਕੇ।

ਏਕ ਬਾਰ ਲਿਹੁ ਨਿਕਟਿ ਬੁਲਾਇ।
ਪੁਨ ਬਰਤਉ ਜੈਸੇ ਚਿਤ ਆਇ' ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਨ ਰਾਸੇ 'ਨੌਰੰਗ ਕੋ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

੩੫. [ਔਰੰਗਜ਼ੇਬ ਦਾ ਦੂਤ ਸਤਿਗੁਰੂ ਜੀ ਪਾਸ ਆਇਆ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:
ਸੁਨਜੋ ਸਕਲ ਤਿਨ ਕੋ[1†] ਕਹਜੋ,
ਨੌਰੰਗ ਸਹਿਤ ਪ੍ਰਮਾਦ[1]।
ਤਿਨ ਕੀ ਅਕਲ ਸਰਾਹਿ ਕੈ,
ਰਿਦੈ ਮਹਿਦ ਅਹਿਲਾਦ ॥ ੧ ॥
ਚੌਪਈ:
ਤਤਛਿਨ ਲਿਖਵਾਇਵ ਪਰਵਾਨਾ।
'ਰਾਮ ਦਾਸ ਕੇ ਤੁਮ ਬਡ ਥਾਨਾ।
ਮਾਨਹਿਂ ਜੁਗ ਸਗਰੇ ਗੁਰ ਲਹੈਂ।
-ਅਜ਼ਮਤ ਧਨੀ- ਲੋਕ ਸਭਿ ਕਹੈਂ ॥ ੨ ॥
ਆਵਤ ਰਹੇ ਹਮੇਸ਼ ਹਮਾਰੇ।
ਮਿਲੇ ਬੋਲਨੋਂ[†] ਭਲੀ ਪ੍ਰਕਾਰੇ।
ਮਿਹਰਬਾਨਗੀ ਅਬਿ ਭੀ ਕਰੀਅਹਿ।
ਦਰਸ਼ਨ ਦਿਹੁ ਸੰਸੈ ਸਭਿ ਹਰੀਅਹਿ ॥ ੩ ॥
ਮੋ ਕਹੁ ਅਜ਼ਮਤ ਆਇ ਦਿਖਾਵਹੁ।
ਮਗ ਖੁਦਾਇ ਕੇ ਬਾਕ ਸੁਨਾਵਹੁ।'
ਇੱਤਜਾਦਿਕ ਲਿਖਿ ਕਰਿ ਪਰਵਾਨਾ।
ਬਿਨੈ ਸਹਿਤ ਅਰੁ ਨਿਜ ਬਲਨਾਨਾ ॥ ੪ ॥
ਦੇ ਕਰਿ ਦੂਤ ਪਠਜੋ ਤਤਕਾਲਾ।
'ਦੇਰ ਨ ਕਰਹੁ ਲਜਾਉ ਦਰਹਾਲਾ[1]।'
ਦਿੱਲੀ ਪੁਰਿ ਤੇ ਕੀਨਿ ਪਯਾਨਾ।
ਸਤਿਗੁਰ ਕੋ ਘਰ ਜਿਸ ਪੁਰਿ ਜਾਨਾ ॥ ੫ ॥
ਤੂਰਨ ਗਮਨਜੋ ਮਾਰਗ ਸਾਰਾ।
ਕ੍ਰਮ ਕ੍ਰਮ ਉਲੰਘਿ ਗਯੋ ਹਿਤ ਧਾਰਾ।
ਰੋਪਰ ਪੁਰਿ ਤੇ ਚਲਿ ਅਗਵਾਇ।
ਕੀਰਤਪੁਰਿ ਪਹੁੰਚਜੋ ਤਬਿ ਜਾਇ ॥ ੬ ॥
ਤਹਾਂ ਪਹੁੰਚਿ ਤਿਨ ਕੀਨਸਿ ਡੇਰਾ।
ਸ਼੍ਰੀ ਸਤਿਗੁਰ ਜਹਿਂ ਕਰਤਿ ਬਸੇਰਾ।

[1]ਭਾਵ ਸ਼ਰਈ ਕਾਜ਼ੀ ਆਦਿਕਾਂ ਦਾ। [†]ਪਾ:-ਸੁਨਜੋ ਸ਼ਰੀਅਤ ਕੋ।
[1]ਭ੍ਰਮਚਿਤੀ ਨਾਲ।
[†]ਪਾ:-ਮਿਲਬੋ ਕੋ ਸਦ।
[1]ਛੇਤੀ।

ਦ੍ਵੈ ਸਹੰਸ੍ਰ ਦ੍ਵੈ ਸਹਸ[1] ਤਰੰਗ।
ਉਤਰਜੋ ਪਰਜੋ ਰਹਿਤ ਨਿਤ ਸੰਗ ॥੭॥
ਵਾਹਨ ਪੁਸ਼ਟ ਖਰੇ ਬਹੁ ਮੇਲੇ।
ਥਾਨ ਸੁਹਾਵਤਿ ਸੁਨੀਅਤਿ ਬੋਲੇ।
ਰੰਗ ਰੰਗ ਕੇ ਸੁੰਦਰ ਘੋਰੇ।
ਬਹੁ ਕੂਦਤਿ ਚੰਚਲ ਤਨ ਜੋਰੇ[1] ॥੮॥
ਸੁਭਟ ਅਲੰਕ੍ਰਿਤ ਦਰਬ ਸਮੇਤਾ[1]।
ਸੂਖਮ ਬਸਤ੍ਰ, ਸ਼ਸਤ੍ਰ ਸੋਂ ਹੇਤਾ।
ਮਚੇ ਜੁੱਧ ਮੁਖ ਮੋਰਹਿ ਨਾਂਹੀ।
ਐਸੋ ਦਲ ਉਤਰਜੋ ਪੁਰਿ ਮਾਂਹੀ ॥੯॥
ਕਿਤਿਕ ਸਿੱਖ ਸੇਵਕ ਸੰਗ ਰਹੈਂ।
ਦਰਸਹਿੰ ਗੁਰੂ ਚਾਕਰੀ ਲਹੈਂ।
ਕਿਤਿਕ ਲੇਹਿੰ ਧਨ ਨੌਕਰ ਰਾਖੇ।
ਮਹਾਂ ਸੂਰ ਨਿਤ ਰਨ ਅਭਿਲਾਖੇਂ ॥੧੦॥
ਪੁਰੀ ਸੁਹਾਵਨ ਹੇਰੀ ਦੂਤ।
ਲਸ਼ਕਰ ਪਰਜੋ ਬਨਜੋ ਸ਼ੁਭ ਸੂਤ[1]।
ਸ਼੍ਰੀ ਹਰਿਰਾਇ ਗੁਰੂ ਸੁਖਕਾਰੀ।
ਜਾਨੀ ਸਭਿ ਸੁਧ ਰਿਦੇ ਮਝਾਰੀ ॥੧੧॥
ਕਹਿ ਕਰਿ ਸੁੰਦਰ ਸਭਾ ਲਗਾਏ।
ਗਿਲਮ ਗਲੀਚਾ ਪਟ ਬਿਛਵਾਏ।
ਚੋਬਦਾਰ ਬਹੁ ਖਰੇ ਢਲੈਤ[1]।
ਕੰਚਨ ਦੰਡ ਕਰਨਿ ਮਹਿੰ ਲੈਤ[1] ॥੧੨॥
ਚਾਰੁ ਚੰਦੋਵਾ ਚਿੱਤ੍ਰਿਤਿ ਜ਼ਰੀ[1]।
ਨਗ ਬਿਚ ਜੜਤੀ ਮੁਕਤਨਿ ਲਰੀ।
ਰੇਸ਼ਮ ਕੀ ਡੋਰੈਂ ਸੁਠ ਤਾਨੀ।
ਝਾਲਰ ਜ਼ਰੀ ਝੁਲਤਿ ਛਬਿ ਖਾਨੀ ॥੧੩॥
ਸਤਿਗੁਰ ਮੰਦ ਮੰਦ ਚਲਿ ਆਏ।
ਬੈਠਿ ਸਿੰਘਾਸਨ ਮਾਂਹਿ ਸੁਹਾਏ।
ਮਨੋ ਸ਼ਾਂਤਿ ਰਸ ਧਰਜੋ ਸਰੀਰਾ।
ਗਜਾਨ ਵਿਰਾਗ ਭਰੇ ਉਰ ਧੀਰਾ ॥੧੪॥
ਚਮਰ ਚਾਰੁ ਢੋਰਤਿ ਦਿਸ਼ਿ ਚਾਰੀ।
ਬਿਜਨਾ[1] ਚਮਕਤਿ ਰਵਿ ਅਨੁਹਾਰੀ।

[1]੨੨੦੦।
[1]ਬਲ ਵਾਲੇ।
[1]ਸਭ) ਸਾਮਾਨਾਂ ਨਾਲ ਸੂਰਮੇਂ ਭੂਸ਼ਤ ਹਨ।
[1]ਸੁਹਣੀ ਮਿਰਯਾਦਾ।
[1]ਸੂਰਮੇਂ।
[1]ਹੱਥਾਂ ਵਿਚ ਲਏ ਹੋਏ।
[1]ਜ਼ਰੀ ਨਾਲ ਚਿੱਤਰਿਆ ਹੋਇਆ।
[1]ਪੱਖਾ।

ਅਨਿਕ ਮਸੰਦ ਮੇਵੜੇ ਆਏ।
ਬਡੇ ਧਨਾਢ ਬਸਤ੍ਰ ਸੁਭ ਪਾਏ ॥੧੫॥
ਜੇ ਨੌਕਰ ਜੋਧਾ ਸਵਧਾਨਾ।
ਬਸਤ੍ਰ ਸ਼ਸਤ੍ਰ ਸਜਿ ਕੈ ਬਿਧਿ ਨਾਨਾ।
ਸਭਾ ਬਿਖੈ ਚਲਿ ਕੈ ਸਭਿ ਆਏ।
ਪੰਗਤਿ ਲਾਇ ਬੈਠਿ ਸਮੁਦਾਏ ॥੧੬॥
ਗਨ ਦੇਸ਼ਨਿ ਕੀ ਸੰਗਤਿ ਜੋਈ।
ਦਰਸ਼ਨ ਹਿਤ ਉਤਰੀ ਪੁਰਿ ਸੋਈ।
ਸਭਿ ਲੇ ਕਰਿ ਗੁਰ[†] ਭੇਟ ਬਿਸਾਲਾ। [†]ਪਾ:-ਪੁਨ। ਪੁਰ।
ਸਭਾ ਬਿਖੇ ਪਹੁੰਚੀ ਤਤਕਾਲਾ ॥੧੭॥
ਦਰਸ਼ਨ ਪਿਖਤਿ ਹੋਹਿ ਅਰਦਾਸ।
ਬੰਦਹਿਂ ਚਹੁੰਦਿਸ਼ਿ ਤੇ ਸੁਖਰਾਸ।
ਕੇਤਿਕ ਘਟਿਕਾ ਜਬਹਿ ਬਿਤਾਈ।
ਪਠਿ ਜਨ, ਲੀਨਸਿ ਦੂਤ ਬੁਲਾਈ ॥੧੮॥
ਆਇ ਪ੍ਰਵੇਸ਼ਜੋ ਸਭਾ ਅਨੰਦਤਿ।
ਚਹੁੰਦਿਸ਼ਿ ਮਹਿਂ ਪੂਜਤਿ ਬਰ ਬੰਦਤਿ[1]। [1]ਸ੍ਰੇਸ਼ਟ ਨਮਸਕਾਰਾਂ ਕਰਦੇ ਹਨ।
ਹੇਰਤਿ ਨੰਮ੍ਰਿ ਭਯੋ ਕਰ ਜੋਰੇ।
ਬੈਠਜੋ ਜਹਾਂ ਬਤਾਇਵ ਠੌਰੇ ॥੧੯॥
ਪੁਨ ਆਗੇ ਧਰਿ ਕਰਿ ਪਰਵਾਨਾ।
ਨੌਰੰਗ ਕੋ ਬਿਰਤਾਂਤ ਬਖਾਨਾ।
'ਯਾਦ ਕਰਜੋ ਤੁਮ ਕੋ ਪਤਿਸ਼ਾਹੂ।
ਮੋ ਕਹੁ ਪਠਜੋ ਛਿੱਪ੍ਰ ਨਿਜ ਪਾਹੂ[1] ॥੨੦॥ [1]ਪਾਤਸ਼ਾਹ ਨੇ) ਆਪਣੇ ਪਾਸੋਂ।
ਬਨਹਿ ਆਪ ਕੋ ਚਲਿਬੋ ਤੂਰਨ।
ਦਿਹੁ ਦਰਸ਼ਨ ਤਿਹ, ਗੁਨ ਗਨ ਪੂਰਨ!
ਅਜ਼ਮਤ ਜ਼ਾਹਰ ਜਾਇ ਦਿਖਾਵਹੁ।
ਕਰਹੁ ਸ਼ਕਤਿ ਨਿਜ ਓਰ ਝੁਕਾਵਹੁ[†] ॥੨੧॥ [†]ਪਾ:-ਓਜ ਲਖਾਵਹੁ। ਓਜ ਝੁਕਾਵਹੁ।
ਕਰਾਮਾਤ ਚਾਹਤਿ ਹੈ ਦੇਖਾ।
ਨਿਤ ਅਭਿਲਾਖਾ ਵਧੀ ਵਿਸ਼ੇਖਾ।
ਬਿਨ ਦੇਖੇ ਸੋਂ ਕਜੋਂਹੂੰ ਨ ਟਰੈ।
ਬਿਦਤਿ ਹਠੀ ਅਤਿ ਹਠ ਕੋ ਧਰੈ'

॥੨੨॥
ਗੁਰ ਪ੍ਰਤਾਪ ਪਿਖਿ ਮਤਿ ਬਿਰਮਾਈ।
ਭਨੇ ਦੂਤ ਬਚ ਮਾਧੁਰਤਾਈ।
ਸੁਨਿ ਸਤਿਗੁਰ ਡੇਰਾ ਕਰਵਾਇਵ।
ਖਾਨ ਪਾਨ ਸਨਮਾਨ ਦਿਵਾਇਵ ॥੨੩॥
ਕਿਤਿਕ ਦੇਰ ਗੁਰ ਦਰਸ਼ਨ ਦੀਨਸਿ।
ਪੂਰ ਕਾਮਨਾ ਸੰਗਤਿ ਕੀਨਸਿ।
ਪੁਨ ਅੰਤਹਿਪੁਰ ਕੋ ਗੁਰ ਗਏ।
ਸੋ ਸਰਵਰੀ[1] ਬਿਤਾਵਤਿ ਭਏ ॥੨੪॥ [1]ਰਾਤ।
ਹੋਤਿ ਭੋਰ ਪੁਨ ਸਭਾ ਲਗਾਈ।
ਸਰਬ ਹਕਾਰਨਿ ਕਰੇ ਤਦਾਈ।
ਮੁੱਖਜ ਸਭਿਨਿ ਮਹਿਂ ਬੇਦੀ ਆਏ।
ਤੇਹਣ ਕੁਲ ਭੱਲੇ ਬੁਲਵਾਏ ॥੨੫॥
ਸੋਢੀ ਬੀਰ ਬਿਸਾਲ ਹਕਾਰੇ।
ਆਇ ਸਕਲ ਸਤਿਗੁਰ ਪਰਵਾਰੇ।
ਪਰਮ ਜੋਤਿ ਸੂਰਜ ਉਜੀਆਰਾ।
ਰਹਜੋ ਪ੍ਰਕਾਸ਼ ਸਮੂਹ ਮਝਾਰਾ[1] ॥੨੬॥ [1]ਇਥੋਂ ਤਾਈਂ ਸਤਿਗੁਰਾਂ ਨੂੰ ਸੂਰਜ ਦਾ ਰੂਪਕ ਦਿੱਤਾ ਹੈ ਤੇ ਅੱਗੋ ਚੰਦ ਦਾ।
ਮੋਹ ਤਪਤ ਅਤਿਸ਼ੈ ਜਰ ਖੋਵਾ[1]। [1]ਮੋਹ ਰੂਪੀ ਤਪਸ਼ ਦੀ ਜੜ੍ਹ ਦੂਰ ਕੀਤੀ।
ਗਜਾਨ ਕਲਾ ਤੇ ਪੂਰਨ ਹੋਵਾ।
ਕੀਰਤਿ ਬਿਮਲ ਚੰਦ੍ਰਿਕਾ ਚਾਰੂ।
ਅਸ ਰਾਂਕਾਪਤਿ[1] ਸ਼ੁਭਤਿ ਉਦਾਰੂ ॥੨੭॥ [1]ਪੁੰਨਿਆਂ ਦਾ ਚੰਦ।
ਅਜ਼ਮਤ ਸਹਿਤ ਸਭਾਸਦ ਸਾਰੇ।
ਚਹੁੰਦਿਸ਼ਿ ਮਹਿਂ ਉਡਗਨ ਪਰਵਾਰੇ।
ਅੰਮ੍ਰਿਤ ਬਾਕ ਅਬਿੱਦਜਾ ਮ੍ਰਿਤੁ ਤੇ[1]। [1]ਅਵਿਦਜਾ ਰੂਪ ਮੌਤ ਤੋਂ।
ਕਰਹਿਂ ਉਬਾਰਨਿ ਸਿੱਖ ਕੋ ਹਿਤ ਤੇ ॥੨੮॥
ਦੇਵਰਾਜ[1] ਦੇਵਨ ਮਹਿਂ ਜੈਸੇ। [1]ਇੰਦ੍ਰ।
ਹੋਤਿ ਸੁਭਾਇਮਾਨ ਗੁਰ ਐਸੇ।
ਸਭਿਹਿਨਿ ਮਹਿਂ ਗੁਰ ਬਾਕ ਬਖਾਨਾ।
'ਤੁਮ ਸਗਰੇ ਪੂਜਨਿ ਅਸਥਾਨਾ ॥੨੯॥

ਬਡੇ ਗੁਰਨਿ ਕੇ ਬੰਸ ਬਿਸਾਲੇ।
ਬਿਦਤ ਸਰੋਵਰ ਮਹਦ ਉਜਾਲੇ[1]। [1]ਵਡੇ ਗੁਰਾਂ ਦੀ ਵੰਸ਼ ਸਰੋਵਰ ਵਾਂਙ ਵਿਸ਼ਾਲ ਹੈ ਤੇ ਪ੍ਰਕਾਸ਼ ਵਾਂਙੂ ਬਹੁਤ ਪ੍ਰਗਟ ਹੈ।
ਬਿਮਲ ਕਮਲ ਤਿਨ ਮਹਿਂ ਤੁਮ ਭਏ।
ਸ਼ੌਰਭ[1] ਸੁਜਸੁ ਸਹਿਤ ਦੁਤਿਮਏ ॥੩੦॥ [1]ਸੁਗੰਧਿ।
ਅਜ਼ਮਤ ਮਹਿਂ ਪੂਰਨ ਸਭਿ ਭਾਂਤੀ।
ਹਤਹੁ ਬਿਘਨ ਜਿਮ ਸੂਰਜ ਰਾਤੀ[1]। [1]ਰਾਤ ਨੂੰ (ਦੂਰ ਕਰਦਾ ਹੈ)।
ਦਿੱਲੀਪਤਿ ਨੌਰੰਗ ਤੁਰਕੇਸ਼।
ਤੁਰਕ ਦੀਨ ਮਹਿਂ ਹਠੀ ਵਿਸ਼ੇਸ਼ ॥੩੧॥
ਗੁਰ ਘਰ ਕੀ ਮਹਿਂਮਾ ਤਿਨ ਸੁਨੀ।
ਸਭਿ ਜਗ ਬਿਦਤ ਅਨੇਕਨਿ ਭਨੀ।
ਕਰਾਮਾਤ ਚਾਹਤਿ ਹੈ ਦੇਖਾ।
ਪਠਜੋ ਦੂਤ ਅਭਿਲਾਖ ਵਿਸ਼ੇਖਾ ॥੩੨॥
ਗੁਰ ਘਰ ਕੀ ਜੋ ਰਾਖਹਿ ਲਾਜ।
ਪਰ ਉਪਕਾਰ ਹੇਤ ਇਹ ਕਾਜ।
ਸ਼ਕਤਿਵੰਤ ਉਰ ਧੀਰਜਧਾਰੀ।
ਸੁਗੁਨ ਸਹਿਤ[1] ਹੁਇ ਸਭਾ ਮਝਾਰੀ[†] ॥੩੩॥ [1]ਸ੍ਰੇਸ਼ਟ ਗੁਣਾਂ ਸਹਿਤ। [†]ਪਾ:-ਹਮਾਰੀ।
ਜਾਨਿ ਹੇਤੁ ਤੁਰਕੇਸ਼ਰ ਪਾਹੂ।
ਸਭਿ ਮਹਿਂ ਕਰਹਿ ਜੁ ਅਤਿ ਉਤਸਾਹੂ।
ਸਰਬ ਰੀਤਿ ਅਜ਼ਮਤ ਦਿਖਰਾਵੈ।
ਬਧਜੋ ਦੁਸ਼ਟ ਕੋ ਦਰਪ[1] ਦਬਾਵੈ ॥੩੪॥ [1]ਹੰਕਾਰ।
ਸੋ ਅਬਿ ਤਜਾਰ ਹੋਇ ਤਹਿਂ ਜਾਨੇ[1]।' [1]ਓਥੇ ਜਾਣ ਲਈ।
ਸਭਾ ਬਿਖੈ ਇਮ ਬਾਕ ਬਖਾਨੇ।
ਸੁਨਜੋ ਸਭਿਨਿ ਪੁਨ ਰਿਦੈ ਬਿਚਾਰਾ।
-ਨੌਰੰਗ ਹਠੀ ਮਹਦ ਕੁਰਿਆਰਾ ॥੩੫॥
ਅਜ਼ਮਤ ਜੁਤਿ ਕਿਤਨੇ ਮਰਿਵਾਏ।
ਲਖਿ ਪੂਰਬ ਤਪ ਨਹੀਂ ਰਿਸਾਏ।
ਹਠ ਕਰਿ ਦੇਤਿ ਭਏ ਤਿਸ ਪ੍ਰਾਨ।
ਅਸ ਬਦਬਰ[1] ਹੈ ਬਿਦਤ ਜਹਾਨ ॥੩੬॥ [1]ਐਸਾ ਬਹੁਤ ਭੈੜਾ।
ਕਾਂਸ਼ੀ ਮਥੁਰਾ ਆਦਿਕ ਸਾਰੇ।
ਤੀਰਥ ਹਿੰਦੁਨਿ ਕੇਰ ਬਿਗਾਰੇ।

ਸਭਿ ਜਗ ਤੁਰਕ ਬਨਾਵਨਿ ਚਾਹਤਿ।
ਧਰਮ ਬਿਸਾਲ ਕਾਲ ਜਿਮ ਦਾਹਤਿ[1] ॥੩੭॥

[1]ਸ੍ਰੇਸ਼ਟ ਧਰਮ ਨੂੰ ਕਾਲ ਵਾਂਙ ਸਾੜਦਾ ਹੈ।

ਸਭਿ ਤੁਰਕਨਿ ਕੀ ਸਭਾ ਮਝਾਰ।
ਬਡੇ ਬਡੇ ਜਹਿਂ ਗੁਨੀ ਹਜ਼ਾਰ।
ਇਲਮ ਏਕ ਤੇ ਏਕ ਮਹਾਨੇ[1]।

[1]ਇਲਮ ਵਿਚ ਇਕ ਤੋਂ ਇਕ ਚੜ੍ਹਦਾ।

ਬਹਸ ਪਰਸਪਰ ਗਨ ਬੁਧਿਵਾਨੇ[1] ॥੩੮॥

[1]ਤੇ ਸਮੂਹ ਬੁਧੀਵਾਨ ਪਰਸਪਰ ਬਹਿਸਾਂ ਕਰਨ ਵਾਲੇ।

ਕੇਤਿਕ ਪੀਰ ਅਜ਼ਮਤੀ ਭਾਰੀ[1]।

[1]ਭਾਵ ਉਨ੍ਹਾਂ ਫਕੀਰਾਂ ਤੋਂ ਹੈ ਜੋ ਫਕੀਰੀ ਵਿਚ ਅਜ਼ਮਤ ਤਾਂ ਰੱਖਦੇ ਹਨ, ਪਰ ਨਿਰਭੈਤਾ ਪਦ ਵਿਚ ਨਹੀਂ ਅੱਪੜੇ ਹੋਏ।

ਨੌਰੰਗ ਕੇ ਨਿਤ ਰਹਿਂ ਅਨੁਸਾਰੀ।
ਅਪਰ ਅਨੇਕ ਭਾਂਤਿ ਕੀ ਬਾਤੀ।
ਜਹਾਂ ਹੋਤਿ ਹੈ ਬਾਸਰ ਰਾਤੀ- ॥੩੯॥
ਅਸ ਬਿਚਾਰ ਕਰਿ ਤੂਸ਼ਨਿ ਹੋਏ।
ਨੰਮ੍ਰਿ ਨਾਰ ਕਰਿ[1] ਊਚ ਨ ਜੋਏ।

[1]ਨੀਵੀਂ ਧੌਣ ਕਰਕੇ।

ਕਿਤਿਕ ਦੇਰ ਲੌ ਰਹਿ ਕੈ ਮੌਨ।
ਤਕਹਿਂ ਪਰਸਪਰ, ਭਾਖਹਿ ਕੌਨ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸ਼੍ਰੀ ਹਰਿਰਾਇ ਹਕਾਰਨ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿਸਤੀ ਅੰਸੂ ॥੩੫॥

੩੬. [ਦਿੱਲੀ ਜਾਣ ਹਿਤ ਵਿਚਾਰ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:

ਸਭਿ ਹੀ ਸਭਾ ਬਿਚਾਰਿ ਕੈ,
ਬੋਲੇ ਮੁੱਖਜ ਜਿਤੇਕ।
'ਨੌਰੰਗ ਢਿਗ ਜਾਨੋ ਕਠਨ,
ਅਵਗੁਨ ਗਿਨੈਂ ਕਿਤੇਕ ॥੧॥

ਚੌਪਈ:

ਪ੍ਰਾਨ ਹਾਨ ਲੌ ਜਹਿਂ ਕਠਨਾਈ।
ਹਿੰਦੁ ਧਰਮ ਦ੍ਰੋਹੀ ਬਿਦਤਾਈ।
ਕਿਸ ਕੀ ਜਹਿਂ ਸਹਾਇਤਾ ਨਾਂਹੀ।
ਦੁਸ਼ਮਨ ਸਮ ਪੱਯਤਿ ਪੁਰਿ ਮਾਂਹੀ[1] ॥੨॥
ਨਹੀਂ ਉਬਾਰ ਸਕੈ ਜਹਿਂ ਕੋਈ।
ਅਪਨਿ ਪੱਖਜ ਕੀ ਬਾਤ ਨ ਹੋਈ।
ਤਹਿਂ ਪੁਹੁਂਚਨਿ ਕੋ ਅਤਿ ਉਤਸਾਹੂ।
ਨਾਹਿਨ ਲਖੀਅਤਿ ਹਮ ਸਭਿ ਮਾਂਹੂ ॥੩॥
ਉਚਿਤ ਜਾਨਿ ਕੇ ਹੋ ਅਬਿ ਆਪੂ।
ਸਭਿ ਤੇ ਅਤਿ ਬਿਸਾਲ ਪਰਤਾਪੂ।
ਐਸੋ ਜਗ ਮਹਿਂ ਦਿਖਤਿ ਨ ਦੂਜੇ।
ਤੁਮਰੀ ਸਮਸਰਤਾ ਕਹੁ ਪੂਜੇ ॥੪॥
ਜਿਨ ਕੋ ਨਾਮ ਸਿਮਰਿਬੋ ਕਰਿਬੇ।
ਬਿਘਨ ਅਨੇਕਨਿ ਤਤਛਿਨ ਹਰਿਬੇ।
ਸੋ ਤੁਮ ਆਪ ਜਹਾਂ ਚਲਿ ਜਾਵਹੁ।
ਕਾਜ ਸੰਪੂਰਨ ਸਗਲ ਬਨਾਵਹੁ ॥੫॥
ਦੁਸ਼ਟ ਦਰਪ ਕਹੁ ਦਮਨਹੁ ਜਾਇ[1]।
ਰਾਵਰਿ ਵਾਕ ਨ ਨਿਸ਼ਫਲ ਗਾਇ।
ਤੁਰਕੇਸ਼ੁਰ ਦ੍ਰੋਹੀ ਮਦ ਮੱਤਾ।
ਦੀਰਘ ਹੰਕਾਰੀ ਚੌਗ਼ੱਤਾ ॥੬॥
ਇਸ ਤੇ ਬਿਨਾ ਥਾਨ ਜੋ ਆਨ।
ਜਹਿਂ ਪਠਵਹੁ ਤਹਿ ਕਰੈਂ ਪਜਾਨ।
ਬੁਧਿ ਬਲ ਤੇ ਕੈ ਅਜ਼ਮਤਿ ਕਰਿ ਕੈ।
ਕਾਰਜ ਆਨਹਿਂ ਸਕਲ ਸੁਧਰਿ ਕੈ ॥੭॥

[1]ਭਾਵ ਦਿੱਲੀ ਵਿਚ।

[1]ਜਾਕੇ ਹੰਕਾਰ ਨੂੰ ਨਾਸ਼ ਕਰੋ।

ਰਾਵਰਿ ਸਰਬ ਭਾਂਤਿ ਸਮਰੱਥ।
ਜਿਸ ਕੇ ਸੀਸ ਧਰਹੁ ਨਿਜ ਹੱਥ।
ਸੋ ਸਭਿ ਕਿਛੁ ਕਰਿ ਸਕੈ ਜੁ ਚਹੈ।
ਤਿਸ ਕੇ ਆਗੇ ਅਰਜੋ ਨ ਰਹੈ ॥੮॥
ਤ੍ਰਾਸ ਦੇਹਿ ਸੁਰਪਤਿ ਸੁਰ ਭੌਨ[1]।
ਤਿਸ ਆਗੇ ਇਹ ਬਪੁਰਾ ਕੌਨ।
ਪਹੁੰਚਨਿ ਤਹਾਂ ਜੋਗਤਾ ਰਾਵਰਿ।
ਅਪਰ ਸੁਨਤਿ ਹੀ ਹੋਤਿ ਡਰਾਉਰ[1]' ॥੯॥
ਸਰਬ ਸਭਾ ਕੇ ਸੁਨਿ ਕਰਿ ਬੈਨ।
ਸ਼੍ਰੀ ਹਰਿਰਾਇ ਜਿਨਹੁਂ ਕਿਤ ਭੈ ਨ।
ਸ਼੍ਰੀ ਮੁਖ ਬਾਕ ਸਧੀਰ ਬਖਾਨਜੋ।
'ਹਮ ਨੈ ਪ੍ਰਨ ਪੂਰਬ ਹੀ ਠਾਨਜੋ ॥੧੦॥
ਨਹਿਂ ਮਲੇਛ ਕਹੁ ਦਰਸ਼ਨ ਦੇਨਾ।
ਨਹਿਂ ਕਬਿ ਤੁਰਕ ਪਤੀ ਕੋ ਲੇਨਾ।
ਯਾਂ ਤੇ ਹਮਰੋ ਹੋਇ ਨ ਜਾਨੋ।
ਮਿਲਹਿਂ ਨ ਬੋਲਹਿਂ ਨਿਸ਼ਚੈ ਜਾਨੋ ॥੧੧॥
ਇਸੀ ਧਰਮ ਕੋ ਕਰੈਂ ਨਿਬਾਹਨਿ।
ਹਮ ਤਿਸ ਕੇ ਅਨੁਸਾਰੀ ਨਾਂਹਿਨ।
ਇਕ ਤੋ ਜਨਮ ਤੁਰਕ ਘਰ ਪਾਯੋ[1]।
ਦੁਤੀਏ ਜਗ ਸੋਂ ਦ੍ਰੋਹ ਮਚਾਯੋ[1] ॥੧੨॥
ਤ੍ਰਿਤੀਏ ਪਿਤਾ ਭ੍ਰਾਤ ਸੰਘਾਰੇ।
ਚਤੁਰਥ ਸੰਤ ਕਰੇ ਦੁਖਿਆਰੇ।
ਪੰਚਮ ਬ੍ਰਹਮਗਜਾਨ ਜਿਸ ਹੋਵਾ।
ਤਿਸ ਕੋ ਹਤਿ ਪੁਨ ਸੁਖ ਸੋਂ ਸੋਵਾ ॥੧੩॥
ਸਰਮਦ ਨਾਮ ਕਹੈਂ ਜਿਸ ਕੇਰਾ।
ਸਰਬ ਸ਼ਕਤਿ ਮੈਂ ਪ੍ਰਭੂ[1] ਬਡੇਰਾ।
ਇੱਤਜਾਦਿਕ ਗਨ ਪਾਪਨਿ ਪੁਸ਼ਟ।

[1]ਦੇਵ ਲੋਕ ਵਿਚ (ਓਹ) ਇੰਦ੍ਰ ਨੂੰ ਵੀ ਤ੍ਰਾਸ ਦੇ ਸਕਦਾ ਹੈ।

